


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Sunday 08 March, 2026 | website: www.cee7news.com

**Top News** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਕੇਸ

# ਬਰੀ ਕੀਤੇ ਜਾਣ ਖਿਲਾਫ ਅੰਸ਼ੁਲ ਛਤਰਪਤੀ ਸੁਪਰੀਮ ਕੋਰਟ ਜਾਣਗੇ



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ 2002 ਵਿਚ ਸਿਰਸਾ ਦੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਮਾਮਲੇ ਵਿਚ ਬਰੀ ਕਰਨ ਦਾ ਫੈਸਲਾ ਆਉਣ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਸਾਫ ਐਲਾਨ ਕੀਤਾ ਹੈ ਕਿ ਉਹ ਇਸ ਫੈਸਲੇ ਖਿਲਾਫ ਸੁਪਰੀਮ ਕੋਰਟ ਜਾਣਗੇ ਅਤੇ ਉਮੀਦ ਹੈ ਕਿ ਸੀਬੀਆਈ ਵੀ ਅਪੀਲ ਦਾਇਰ ਕਰੇਗੀ।

ਅੱਜ ਹਾਈ ਕੋਰਟ ਦੇ ਚੀਫ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਵਿਕਰਮ ਅਗਰਵਾਲ ਵਾਲੀ ਡਿਵੀਜ਼ਨ ਬੈਂਚ ਨੇ 2019 ਵਿਚ ਪੰਚਕੂਲਾ ਦੀ ਸਪੈਸ਼ਲ ਸੀਬੀਆਈ ਅਦਾਲਤ ਵੱਲੋਂ ਰਾਮ ਰਹੀਮ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਸਦੀ ਅਪੀਲ ਨੂੰ ਮਨਜ਼ੂਰ ਕਰਦਿਆਂ ਉਸ ਨੂੰ ਪੂਰੀ ਤਰ੍ਹਾਂ ਬਰੀ ਕਰ ਦਿੱਤਾ। ਇਸੇ ਬੈਂਚ ਨੇ ਇਸ ਕੇਸ ਵਿਚ ਹੋਰ ਤਿੰਨ ਮੁਲਜ਼ਮਾਂ ਦੀਆਂ ਅਪੀਲਾਂ ਖਾਰਜ ਕਰ ਦਿੱਤੀਆਂ ਹਨ, ਯਾਨੀ ਉਨ੍ਹਾਂ ਉੱਤੇ ਲੱਗੀਆਂ ਉਮਰ ਕੈਦ ਦੀਆਂ ਸਜ਼ਾਵਾਂ ਬਰਕਰਾਰ ਰਹਿਣਗੀਆਂ। ਫੈਸਲੇ ਦੀ ਵਿਸਥਾਰਤ ਕਾਪੀ ਅਜੇ ਉਪਲਬਧ ਨਹੀਂ ਹੈ ਪਰ ਉਮੀਦ ਹੈ ਕਿ ਇਸ ਵਿਚ ਬਰੀ ਕਰਨ ਦੇ ਕਾਨੂੰਨੀ ਆਧਾਰਾਂ ਦਾ ਜ਼ਿਕਰ ਹੋਵੇਗਾ।

ਅੰਸ਼ੁਲ ਛਤਰਪਤੀ ਨੇ ਕਿਹਾ, ''ਹਾਈ ਕੋਰਟ ਦਾ ਫੈਸਲਾ ਸਿਰ ਉੱਤੇ ਲੈ ਲਿਆ ਹੈ, ਪਰ ਅਸੀਂ ਹਿੰਮਤ ਨਹੀਂ ਹਾਰੀ। ਲਗਭਗ ਚਾਰ ਵੀਹ ਵਰ੍ਹਿਆਂ ਤੋਂ ਵੱਧ ਸਮਾਂ ਇਸ ਲੜਾਈ ਲਈ ਲਗਾਇਆ ਹੈ। ਹੁਣ ਇਸ ਨੂੰ ਹੋਰ ਵੀ ਤਾਕਤ ਨਾਲ ਸੁਪਰੀਮ ਕੋਰਟ ਵਿਚ ਲੜਿਆ ਜਾਵੇਗਾ। ਫੈਸਲੇ ਦੀ ਕਾਪੀ ਮਿਲਣ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਰਾਮ ਰਹੀਮ ਨੂੰ ਕਿਸ ਆਧਾਰ ਤੇ ਬਰੀ ਕੀਤਾ ਗਿਆ। ਅਸੀਂ ਉਮੀਦ ਕਰਦੇ ਹਾਂ ਕਿ ਸੀਬੀਆਈ ਵੀ ਇਸ ਖਿਲਾਫ ਸੁਪਰੀਮ ਕੋਰਟ ਜਾਵੇਗੀ ਅਤੇ ਉਥੋਂ ਸਾਨੂੰ ਨਿਆਂ ਮਿਲੇਗਾ।''

ਇਸ ਮਾਮਲੇ ਵਿਚ ਸ਼ੁਰੂ ਤੋਂ ਹੀ ਨਜ਼ਰ ਰੱਖ ਰਹੇ ਐਡਵੋਕੇਟ ਲੇਖ ਰਾਜ ਢੋਟ ਨੇ ਦੱਸਿਆ ਕਿ ਕੇਸ ਵਿਚ ਸਾਰੇ ਸਬੂਤ ਡੇਰਾ ਮੁਖੀ ਖਿਲਾਫ ਸਨ। ਉਨ੍ਹਾਂ ਕਿਹਾ, 'ਫੈਸਲੇ ਦੀ ਕਾਪੀ ਮਿਲਦਿਆਂ ਹੀ ਅਸੀਂ ਇਸ ਨੂੰ ਉਸੇ ਤਾਕਤ ਨਾਲ ਸੁਪਰੀਮ ਕੋਰਟ ਵਿਚ ਲੜਾਂਗੇ ਜਿਵੇਂ ਹੇਠਲੀ ਅਦਾਲਤ ਵਿਚ ਲੜਿਆ ਗਿਆ ਸੀ।''

ਯਾਦ ਰਹੇ ਕਿ 2002 ਵਿਚ ਰਾਮ ਚੰਦਰ ਛਤਰਪਤੀ ਆਪਣਾ ਅਖਬਾਰ 'ਪੂਰਾ ਸਚ' ਚਲਾਉਂਦੇ ਸਨ। ਉਨ੍ਹਾਂ ਨੇ ਡੇਰਾ ਸੱਚਾ ਸੌਦਾ ਵਿਚ ਔਰਤਾਂ ਨਾਲ ਜਿਨਸੀ ਸ਼ੋਸ਼ਣ ਦੀ ਇੱਕ ਅਗਿਆਤ ਚਿੱਠੀ ਛਾਪੀ ਸੀ। ਇਸ ਤੋਂ ਬਾਅਦ ਅਕਤੂਬਰ 2002 ਵਿਚ ਉਨ੍ਹਾਂ ਦੀ ਰਿਹਾਇਸ਼ ਤੋਂ ਬਾਹਰ ਗੋਲੀਆਂ ਮਾਰੀਆਂ ਗਈਆਂ ਅਤੇ ਕੁਝ ਹਫ਼ਤਿਆਂ ਬਾਅਦ ਉਹ ਇਲਾਜ ਦੌਰਾਨ ਦਮ ਤੋੜ ਗਏ। ਸਥਾਨਕ ਪੁਲਿਸ ਨੇ ਕੇਸ ਦਰਜ ਕੀਤਾ, ਬਾਅਦ ਵਿਚ 2006 ਵਿਚ ਇਸ ਨੂੰ ਸੀਬੀਆਈ ਨੂੰ ਸੌਂਪਿਆ ਗਿਆ। ਸੀਬੀਆਈ ਨੇ ਰਾਮ ਰਹੀਮ ਨੂੰ ਸਾਜ਼ਿਸ਼ ਰਚਣ ਵਾਲਾ ਮੁੱਖ ਦੋਸ਼ੀ ਠਹਿਰਾਇਆ।

2019 ਵਿਚ ਸਪੈਸ਼ਲ ਸੀਬੀਆਈ ਅਦਾਲਤ ਨੇ ਰਾਮ ਰਹੀਮ ਅਤੇ ਤਿੰਨ ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਰਾਮ ਰਹੀਮ ਇਸ ਵੇਲੇ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਉਸ ਦੀਆਂ ਹੋਰ ਸਜ਼ਾਵਾਂ (ਜਿਨ੍ਹਾਂ ਵਿਚ 2017 ਵਿਚ ਬਲਾਤਕਾਰ ਕੇਸਾਂ ਵਿਚ 20 ਸਾਲ ਦੀ ਸਜ਼ਾ) ਕੱਟ ਰਿਹਾ ਹੈ। ਇਹ ਫੈਸਲਾ ਉਸ ਲਈ ਦੂਜੀ ਵੱਡੀ ਰਾਹਤ ਹੈ। ਮਈ 2024 ਵਿਚ ਹੀ ਹਾਈ ਕੋਰਟ ਨੇ ਉਸ ਨੂੰ ਡੇਰਾ ਮੈਨੇਜਰ ਰਣਜੀਤ ਸਿੰਘ ਕਤਲ ਕੇਸ ਵਿਚ ਵੀ ਬਰੀ ਕਰ ਦਿੱਤਾ ਸੀ।

## ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਸਟ ਏਸ਼ੀਆ ਵਿਵਾਦ 'ਚ ਇੱਕ ਵੱਡਾ ਬਿਆਨ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਸਟ ਏਸ਼ੀਆ ਵਿਵਾਦ 'ਚ ਇੱਕ ਵੱਡਾ ਬਿਆਨ ਦਿੰਦਿਆਂ ਕਿਹਾ ਹੈ ਕਿ ਇਰਾਨ ਨਾਲ ਕੋਈ ਵੀ ਡੀਲ ਤਦ ਤੱਕ ਸੰਭਵ ਨਹੀਂ ਹੈ ਜਦੋਂ ਤੱਕ ਇਰਾਨ ਬਿਨਾਂ ਕਿਸੇ ਸ਼ਰਤ ਆਤਮ ਸਮਰਪਣ ਨਾ ਕਰ ਲਵੇ। ਟਰੰਪ ਨੇ ਆਪਣੇ ਟ੍ਰੁਥ ਸੋਸ਼ਲ ਪੋਸਟ 'ਚ ਲਿਖਿਆ, "ਇਰਾਨ ਨਾਲ ਕੋਈ ਡੀਲ ਨਹੀਂ ਤਦ ਤੱਕ ਜਦੋਂ ਤੱਕ ਬਿਨਾਂ ਸ਼ਰਤ ਆਤਮ ਸਮਰਪਣ ਨਾ ਹੋਵੇ। ਇਸ ਤੋਂ ਬਾਅਦ ਹੀ ਅਸੀਂ ਇਰਾਨ ਨੂੰ ਇੱਕ ਵੱਡਾ ਤੇ ਮਜ਼ਬੂਤ ਆਰਥਿਕ ਤਾਕਤ ਬਣਾਉਣ ਲਈ ਕੰਮ ਕਰਾਂਗੇ।"

ਇਸ ਬਿਆਨ ਤੋਂ ਤੁਰੰਤ ਬਾਅਦ ਇਰਾਨੀ ਰਾਸ਼ਟਰਪਤੀ ਮਸੂਦ ਪੇਜੇਸ਼ਕੀਅਨ ਨੇ ਸਰਕਾਰੀ ਟੈਲੀਵਿਜ਼ਨ ਰਾਹੀਂ ਸਖ਼ਤ ਜਵਾਬ ਦਿੱਤਾ। ਉਨ੍ਹਾਂ ਕਿਹਾ, "ਅਮਰੀਕਾ ਵੱਲੋਂ ਬਿਨਾਂ ਸ਼ਰਤ ਆਤਮ ਸਮਰਪਣ ਦੀ ਮੰਗ ਇੱਕ ਖੁਆਬ ਹੈ ਜਿਸ ਨੂੰ ਉਨ੍ਹਾਂ ਨੂੰ ਆਪਣੀ ਕਬਰ ਤੱਕ ਲੈ ਕੇ ਜਾਣਾ ਪਵੇਗਾ। ਇਰਾਨ ਕਿਸੇ ਵੀ ਦਬਾਅ ਅੱਗੇ ਝੁਕਣ ਵਾਲਾ ਨਹੀਂ।" ਇਸ ਤੋਂ ਇਲਾਵਾ ਰਾਸ਼ਟਰਪਤੀ ਪੇਜੇਸ਼ਕੀਅਨ ਨੇ ਖੇਤਰੀ ਮੁਲਕਾਂ ਬਹਿਰੀਨ, ਸਾਊਦੀ ਅਰਬ ਤੇ ਯੂਏਈ 'ਤੇ ਹੋਏ ਇਰਾਨੀ ਹਮਲਿਆਂ ਲਈ ਜਨਤਕ ਤੌਰ 'ਤੇ ਮੁਆਫੀ ਵੀ ਮੰਗ ਲਈ। ਉਨ੍ਹਾਂ ਦੱਸਿਆ ਕਿ ਇਹ ਹਮਲੇ ਫੌਜੀ ਅਧਿਕਾਰੀਆਂ ਵਿਚਕਾਰ 'ਸੂਚਨਾ ਦੇ ਗਲਤ ਸੰਚਾਰ' ਕਾਰਨ ਹੋਏ ਸਨ ਅਤੇ ਹੁਣ ਇਨ੍ਹਾਂ ਨੂੰ ਤੁਰੰਤ ਰੋਕ ਦਿੱਤਾ ਗਿਆ ਹੈ। ਇਸ ਬਿਆਨ ਨੂੰ ਖੇਤਰ ਵਿਚ ਸ਼ਾਂਤੀ ਦੀ ਇੱਕ ਛੋਟੀ ਉਮੀਦ ਵਜੋਂ ਵੇਖਿਆ ਜਾ ਰਿਹਾ ਹੈ।

ਇਸ ਵੇਲੇ ਵੈਸਟ ਏਸ਼ੀਆ ਵਿਚ ਤਣਾਅ ਚਰਮ 'ਤੇ ਹੈ। ਇਜ਼ਰਾਈਲੀ ਲੜਾਕੂ ਜਹਾਜ਼ਾਂ ਨੇ ਤੇਹਰਾਨ ਤੇ ਲੇਬਨਾਨ ਦੀ ਰਾਜਧਾਨੀ ਬੈਰੂਤ 'ਤੇ ਲਗਾਤਾਰ ਭਾਰੀ ਬੰਬਾਰੀ ਕੀਤੀ ਹੈ। ਇਸ ਵਿਚ ਇਰਾਨ ਵਿਚ 1200 ਤੋਂ ਵੱਧ ਤੇ ਲੇਬਨਾਨ ਵਿਚ 200 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਰਾਨ ਵੀ ਜਵਾਬੀ ਕਾਰਵਾਈ ਵਿਚ ਇਜ਼ਰਾਈਲ ਤੇ ਖਾੜੀ ਦੇ ਹੋਰ ਮੁਲਕਾਂ 'ਤੇ ਮਿਜ਼ਾਈਲ ਹਮਲੇ ਕਰ ਰਿਹਾ ਹੈ। ਯੇਰੂਸ਼ਲਮ ਤੇ ਬਹਿਰੀਨ ਵਿਚ ਖ਼ਤਰੇ ਦੇ ਸਾਈਰਨ ਵਾਰ-ਵਾਰ ਗੂੰਜ ਰਹੇ ਹਨ।

ਪੰਜਾਬ **ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਜ ਮੰਤਰੀ ਮੰਡਲ ਦੀ ਇੱਕ ਅਹਿਮ ਮੀਟਿੰਗ**

# ਸੂਬੇ ਲਈ ਇਤਿਹਾਸਕ ਨਵੀਂ ਸਨਅਤੀ ਪਾਲਸੀ ਨੂੰ ਰਸਮੀ ਤੌਰ ਤੇ ਮਨਜ਼ੂਰੀ ਦੇ ਦਿੱਤੀ ਗਈ ਹੈ।

**ਪੰਜਾਬ** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਜ ਮੰਤਰੀ ਮੰਡਲ ਦੀ ਇੱਕ ਅਹਿਮ ਮੀਟਿੰਗ ਵਿੱਚ ਸੂਬੇ ਲਈ ਇਤਿਹਾਸਕ ਨਵੀਂ ਸਨਅਤੀ ਪਾਲਸੀ ਨੂੰ ਰਸਮੀ ਤੌਰ ਤੇ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਇਸ ਨੀਤੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਸਨਅਤਕਾਰਾਂ ਅਤੇ ਵਪਾਰੀਆਂ ਨਾਲ ਵਿਆਪਕ ਚਰਚਾ ਤੋਂ ਬਾਅਦ ਉਨ੍ਹਾਂ ਦੇ ਸੁਝਾਵਾਂ ਨੂੰ ਪੂਰੀ ਤਰ੍ਹਾਂ ਸ਼ਾਮਲ ਕਰਕੇ ਇਸ ਨਵੀਂ ਪਾਲਸੀ ਨੂੰ ਤਿਆਰ ਕੀਤਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਇਸ ਨੀਤੀ ਦੇ ਲਾਗੂ ਹੋਣ ਨਾਲ ਪੰਜਾਬ ਸਨਅਤੀ ਖੇਤਰ ਵਿੱਚ ਇੱਕ ਨਵੀਂ ਕ੍ਰਾਂਤੀ ਆਵੇਗੀ ਅਤੇ ਸੂਬਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਉਦਯੋਗਿਕ ਹੱਬ ਵਜੋਂ ਉਭਰੇਗਾ।

ਮੁੱਖ ਮੰਤਰੀ ਨੇ ਦੱਸਿਆ ਕਿ ਪੁਰਾਣੀਆਂ ਨੀਤੀਆਂ ਵਿੱਚ ਬਹੁਤੀਆਂ ਤੰਗੀਆਂ ਸਨ ਅਤੇ ਨਿਵੇਸ਼ਕਾਂ ਨੂੰ ਇੱਕ ਤਰ੍ਹਾਂ ਦਾ ਇਨਸੈਂਟਿਵ ਪੈਕੇਜ ਹੀ ਮਿਲਦਾ ਸੀ, ਪਰ ਇਸ ਨਵੀਂ ਪਾਲਸੀ ਵਿੱਚ ਪਹਿਲੀ ਵਾਰ ਇੱਕ ਵੱਡੀ ਬਦਲਾਅ ਲਿਆਂਦਾ ਗਿਆ ਹੈ। ਹੁਣ ਨਿਵੇਸ਼ਕ ਆਪਣੀ ਯੂਨਿਟ ਦੀ ਲੋੜ ਅਨੁਸਾਰ 20 ਵੱਖ-ਵੱਖ ਇਨਸੈਂਟਿਵ ਵਿਕਲਪਾਂ ਵਿੱਚੋਂ ਆਪਣੇ ਲਈ ਸਭ ਤੋਂ ਅਨੁਕੂਲ ਪੈਕੇਜ ਚੁਣ ਸਕਣਗੇ। ਇਸ ਤਰ੍ਹਾਂ ਉਨ੍ਹਾਂ ਨੂੰ ਆਪਣੀ ਯੋਜਨਾ ਅਨੁਸਾਰ ਲਾਭ ਉਠਾਉਣ ਦੀ ਪੂਰੀ ਆਜ਼ਾਦੀ ਮਿਲੇਗੀ, ਜਿਸ ਨਾਲ ਨਿਵੇਸ਼ਕਾਂ ਦਾ ਆਕਰਸ਼ਣ ਵਧੇਗਾ ਅਤੇ ਪੰਜਾਬ ਵਿੱਚ ਨਵੀਆਂ ਉਦਯੋਗਿਕ ਯੂਨਿਟਾਂ ਲੱਗਣਗੀਆਂ।ਇਸ ਨੀਤੀ ਵਿੱਚ ਵਾਤਾਵਰਣ ਸੁਰੱਖਿਆ ਤੇ ਵੀ ਖਾਸ ਧਿਆਨ ਦਿੱਤਾ ਗਿਆ ਹੈ। ਪੰਜਾਬ ਵਿੱਚ ਪਹਿਲੀ ਵਾਰ 'ਜ਼ੀਰੋ



**ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਜ ਮੰਤਰੀ ਮੰਡਲ ਦੀ ਇੱਕ ਅਹਿਮ ਮੀਟਿੰਗ**

ਸਿਸਟਮ ਸਥਾਪਤ ਕਰਨ ਲਈ ਉਦਯੋਗਿਕ ਯੂਨਿਟਾਂ ਨੂੰ 20 ਕਰੋੜ ਰੁਪਏ ਤੱਕ ਦੀ ਫਿਕਸਡ ਕੈਪੀਟਲ ਸਬਸਿਡੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਪਰਾਲੀ ਤੇ ਆਧਾਰਿਤ ਬਾਇਲਰ ਲਗਾਉਣ ਵਾਲੀਆਂ ਯੂਨਿਟਾਂ ਨੂੰ 7.50 ਕਰੋੜ ਰੁਪਏ ਤੱਕ ਦੀ ਫਿਕਸਡ ਕੈਪੀਟਲ ਸਬਸਿਡੀ ਮਿਲੇਗੀ। ਇਸ ਨਾਲ ਇੱਕ ਤਾਂ ਵਾਤਾਵਰਣ ਸਾਫ਼ ਰਹੇਗਾ, ਦੂਜੇ ਪਾਸੇ ਖੇਤੀ ਰਹਿੰਦ-ਖੂੰਦ ਨੂੰ ਉਦਯੋਗ ਵਿੱਚ ਵਰਤਿਆ ਜਾ ਸਕੇਗਾ ਅਤੇ ਪਰਾਲੀ ਸਾੜਨ ਦੀ ਸਮੱਸਿਆ ਘੱਟ ਹੋਵੇਗੀ।ਨਵੀਂ ਸਨਅਤੀ ਪਾਲਸੀ ਵਿੱਚ ਹੋਰ ਵੀ ਬਹੁਤ ਸਾਰੀਆਂ ਆਕਰਸ਼ਕ ਛੋਟਾਂ ਅਤੇ ਸਬਸਿਡੀਆਂ ਸ਼ਾਮਲ ਹਨ। ਇਨ੍ਹਾਂ ਵਿੱਚ ਮਾਲ ਭਾੜਾ ਸਬਸਿਡੀ, ਮਾਰਕੀਟਿੰਗ ਸਹਾਇਤਾ, ਖੋਜ ਅਤੇ ਵਿਕਾਸ (ਆਰ ਐਂਡ ਡੀ) ਲਈ ਵਿਸ਼ੇਸ਼ ਸਹਿਯੋਗ, ਇੱਕ ਐੱਨ ਐੱਸ ਈ ਇਮਰਜ ਪਲੇਟਫਾਰਮ, ਗੁਣਵੱਤਾ ਪ੍ਰਮਾਣੀਕਰਣ ਲਈ ਸਹਾਇਤਾ, ਪੇਟੈਂਟ ਰਜਿਸਟ੍ਰੇਸ਼ਨ ਲਈ ਆਰਥਿਕ ਮਦਦ, ਵੈਂਡਰ ਵਿਕਾਸ ਪ੍ਰੋਗਰਾਮ ਅਤੇ ਨਹਿਰੀ ਪਾਣੀ ਦੇ ਉਪਭੋਗਤਾ ਖਰਚਿਆਂ ਤੋਂ ਛੋਟ ਸ਼ਾਮਲ ਹੈ। ਇਸ ਤੋਂ ਇਲਾਵਾ ਪੁਰਾਣੀਆਂ ਨੀਤੀਆਂ ਤਹਿਤ ਮਿਲਣ ਵਾਲੀਆਂ SGST ਛੋਟ, ਸਟੈਂਪ ਡਿਊਟੀ ਵਿੱਚ ਛੋਟ, ਬਿਜਲੀ ਡਿਊਟੀ ਵਿੱਚ ਛੋਟ ਅਤੇ ਰੁਜ਼ਗਾਰ ਉਤਪਾਦਨ ਸਬਸਿਡੀ ਵੀ ਲਗਾਤਾਰ ਜਾਰੀ ਰਹਿਣਗੀਆਂ। ਇੱਕ ਹੋਰ ਵੱਡਾ ਫੈਸਲਾ ਇਹ ਲਿਆ ਗਿਆ ਹੈ ਲਿਕਵਿਡ ਡਿਸਚਾਰਜ' ਕਿ ਨਿਵੇਸ਼ਕਾਂ ਲਈ ਯੋਗਤਾ ਦੀ ਮਿਆਦ ਨੂੰ ਵਧਾ ਕੇ 10 ਤੋਂ 15 ਸਾਲ ਕਰ ਦਿੱਤਾ ਗਿਆ ਹੈ। ਪਹਿਲਾਂ ਇਹ ਮਿਆਦ ਸਿਰਫ਼ 7 ਤੋਂ 10 ਸਾਲ ਤੱਕ ਸੀ। ਇਸ ਤਬਦੀਲੀ ਨਾਲ ਉਦਯੋਗਿਕ ਯੂਨਿਟਾਂ ਨੂੰ ਲੰਬੇ ਸਮੇਂ ਤੱਕ ਲਾਭ ਮਿਲਣਗੇ ਅਤੇ ਉਨ੍ਹਾਂ ਦੀ ਵਿੱਤੀ ਯੋਜਨਾਵਾਂ ਵੀ ਮਜ਼ਬੂਤ ਹੋਣਗੀਆਂ।


ਨਵੀਂ ਪਾਲਸੀ ਵਿੱਚ ਖਾਸ ਤੌਰ ਤੇ ਨੌਂ ਤਰਜੀਹੀ ਖੇਤਰਾਂ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ਖੇਤਰਾਂ ਵਿੱਚ ਫੂਡ ਪ੍ਰੋਸੈਸਿੰਗ, ਖੇਡਾਂ ਦਾ ਸਮਾਨ, ਟੈਕਸਟਾਈਲ ਅਤੇ ਇਸ ਨਾਲ ਜੁੜੇ ਸਹਾਇਕ ਉਦਯੋਗ, ਐਗਰੋ ਵੇਸਟ ਪ੍ਰੋਸੈਸਿੰਗ, ਆਟੋ ਅਤੇ ਆਟੋ ਪਾਰਟਸ, ਇਲੈਕਟ੍ਰੋਨਿਕਸ ਅਤੇ ਸੈਮੀ-ਕੰਡਕਟਰ, ਆਈ.ਟੀ. ਐਂਡ ਆਈ.ਟੀ. ਈ.ਐੱਸ., ਇਲੈਕਟ੍ਰਿਕ ਵਾਹਨ ਅਤੇ ਰੱਖਿਆ ਤੇ ਐਰੋਸਪੇਸ ਸ਼ਾਮਲ ਹਨ। ਇਨ੍ਹਾਂ ਤਰਜੀਹੀ ਖੇਤਰਾਂ ਵਿੱਚ ਲੱਗਣ ਵਾਲੀਆਂ ਯੂਨਿਟਾਂ ਨੂੰ ਆਮ ਇਨਸੈਂਟਿਵ ਤੋਂ ਇਲਾਵਾ 25 ਫੀਸਦੀ ਵਾਧੂ ਪ੍ਰੋਤਸਾਹਨ ਮਿਲਣਗੇ। ਇਸ ਨਾਲ ਇਹ ਖੇਤਰ ਤੇਜ਼ੀ ਨਾਲ ਵਿਕਾਸ ਕਰਨਗੇ ਅਤੇ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਇਸ ਨਵੀਂ ਸਨਅਤੀ ਪਾਲਸੀ ਨੂੰ ਲਾਗੂ ਕਰਨ ਨਾਲ ਪੰਜਾਬ ਵਿੱਚ ਨਾ ਸਿਰਫ਼ ਵੱਡੀਆਂ ਉਦਯੋਗਿਕ ਯੂਨਿਟਾਂ ਆਉਣਗੀਆਂ ਬਲਕਿ ਛੋਟੀਆਂ ਅਤੇ ਮੱਧਮ ਉਦਯੋਗਾਂ (ਐੱਮ ਐੱਸ ਐੱਮ ਈ) ਵੀ ਬਹੁਤ ਲਾਭ ਉਠਾਉਣਗੀਆਂ। ਇਸ ਨਾਲ ਸੂਬੇ ਦੀ ਆਰਥਿਕਤਾ ਮਜ਼ਬੂਤ ਹੋਵੇਗੀ, ਬੇਰੁਜ਼ਗਾਰੀ ਘੱਟ ਹੋਵੇਗੀ ਅਤੇ ਖੇਤੀ ਉਪਰੰਤ ਆਮਦਨ ਵੀ ਵਧੇਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹ ਨੀਤੀ ਪੰਜਾਬ ਨੂੰ ਇੱਕ ਆਧੁਨਿਕ ਅਤੇ ਵਿਕਸਿਤ ਉਦਯੋਗਿਕ ਰਾਜ ਬਣਾਉਣ ਵਿੱਚ ਮੀਲ ਪੱਥਰ ਸਾਬਤ ਹੋਵੇਗੀ।

## ਹਰ ਮਹਿਲਾ ਨੂੰ 1000 ਰੁਪਏ ਦਿੱਤੇ ਜਾਣਗੇ



ਪੰਜਾਬ ਦੀਆਂ ਮਹਿਲਾਵਾਂ ਲਈ ਵੱਡੀ ਖੁਸ਼ਖਬਰੀ! ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਤਰਨ ਤਾਰਨ ਜ਼ਿਲ੍ਹੇ ਦੇ ਖੇਮਕਰਨ ਵਿਖੇ ਅਮਰਕੋਟ ਰੈਲੀ ਦੌਰਾਨ ਐਲਾਨ ਕੀਤਾ ਹੈ ਕਿ ਹਰ ਮਹਿਲਾ ਨੂੰ 1000 ਰੁਪਏ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਕੱਲ੍ਹ ਯਾਨੀ 8 ਮਾਰਚ 2026 ਨੂੰ ਪੇਸ਼ ਹੋਣ ਵਾਲੇ ਬਜਟ ਵਿਚ ਇਸ ਸਬੰਧੀ ਔਪਚਾਰਿਕ ਫੈਸਲਾ ਲਿਆ ਜਾਵੇਗਾ ਅਤੇ ਵਾਅਦਾ ਪੂਰਾ ਕੀਤਾ ਜਾਵੇਗਾ। ਇਹ ਐਲਾਨ ਆਮ ਆਦਮੀ ਪਾਰਟੀ ਦੇ ਚੋਣ ਵਾਅਦੇ ਨੂੰ ਪੂਰਾ ਕਰਨ ਵੱਲ ਇੱਕ ਵੱਡਾ ਕਦਮ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇ ਰੈਲੀ ਵਿਚ ਖੜ੍ਹੇ ਹੋ ਕੇ ਕਿਹਾ, "ਪੰਜਾਬ ਸਰਕਾਰ ਪੰਜਾਬ ਦੀਆਂ ਮਹਿਲਾਵਾਂ ਨਾਲ ਕੀਤਾ ਵਾਅਦਾ ਪੂਰਾ ਕਰਨ ਜਾ ਰਹੀ ਹੈ।" ਉਨ੍ਹਾਂ ਇਸ ਤੋਂ ਪਹਿਲਾਂ ਵੀ ਕਈ ਵਾਰ ਇਸ ਵਾਅਦੇ ਦੀ ਪੁਸ਼ਟੀ ਕੀਤੀ ਸੀ ਪਰ ਅੱਜ ਖੇਮਕਰਨ ਵਿਚ ਇਸ ਨੂੰ ਰੈਲੀ ਮੰਚ ਤੋਂ ਔਪਚਾਰਿਕ ਤੌਰ ਤੇ ਐਲਾਨਿਆ ਗਿਆ। ਇਸ ਸਕੀਮ ਤਹਿਤ ਪੰਜਾਬ ਦੀਆਂ ਲਗਭਗ ਇੱਕ ਕਰੋੜ ਮਹਿਲਾਵਾਂ ਨੂੰ ਲਾਭ ਮਿਲਣ ਦੀ ਉਮੀਦ ਹੈ। ਹਾਲਾਂਕਿ ਅਜੇ ਯੋਗਤਾ ਦੀਆਂ ਸ਼ਰਤਾਂ ਅਤੇ ਵੰਡ ਦਾ ਪੂਰਾ ਤਰੀਕਾ ਬਜਟ ਵਿਚ ਸਪੱਸ਼ਟ ਕੀਤਾ ਜਾਵੇਗਾ। ਕੁਝ ਰਿਪੋਰਟਾਂ ਮੁਤਾਬਕ ਇਹ ਮਹੀਨਾਵਾਰ 1000 ਰੁਪਏ ਹੋ ਸਕਦਾ ਹੈ ਅਤੇ ਇਸ ਲਈ ਲਗਭਗ 12 ਹਜ਼ਾਰ ਕਰੋੜ ਰੁਪਏ ਦਾ ਬਜਟ ਲੱਗਣ ਦੀ ਗੱਲ ਵੀ ਚੱਲ ਰਹੀ ਹੈ।ਇਸ ਐਲਾਨ ਤੋਂ ਇਲਾਵਾ ਮੁੱਖ ਮੰਤਰੀ ਨੇ ਖੇਮਕਰਨ ਹਲਕੇ ਵਿਚ 127 ਕਰੋੜ ਰੁਪਏ ਖਰਚ ਕੇ ਬਣਨ ਵਾਲੀਆਂ ਲਿੰਕ ਸੜਕਾਂ ਦਾ ਉਦਘਾਟਨ ਵੀ ਕੀਤਾ। ਉਨ੍ਹਾਂ ਕਿਹਾ ਕਿ ਸਾਰੀਆਂ ਟੁੱਟੀਆਂ ਸੜਕਾਂ ਛੇਤੀ ਹੀ ਠੀਕ ਹੋ ਜਾਣਗੀਆਂ ਅਤੇ ਰਾਹੀਆਂ ਨੂੰ ਕੋਈ ਟੋਆ ਨਹੀਂ ਮਿਲੇਗਾ। ਠੇਕੇਦਾਰਾਂ ਨੂੰ ਪੰਜ ਸਾਲ ਦਾ ਠੇਕਾ ਦਿੱਤਾ ਗਿਆ ਹੈ ਤਾਂ ਜੋ ਉਹ ਆਪਣੀ ਆਪਣੀ ਸੜਕ ਦੀ ਮੁਰੰਮਤ ਖੁਦ ਕਰਨ। ਇਸ ਨਾਲ ਲੋਕਾਂ ਨੂੰ ਚੰਗੀਆਂ ਸੜਕਾਂ ਮਿਲਣਗੀਆਂ ਅਤੇ ਵਿਕਾਸ ਦੀ ਗਤੀ ਤੇਜ਼ ਹੋਵੇਗੀ।ਰੈਲੀ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਰੋਧੀ ਧਿਰ ਖਾਸ ਕਰ ਕਾਂਗਰਸ ਤੇ ਵੀ ਤੰਜ਼ ਕਸੇ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂਆਂ ਦਾ ਬਹੁਤ ਬੁਰਾ ਹਾਲ ਹੈ, ਸਭ ਮੁੱਖ ਮੰਤਰੀ ਬਣਨਾ ਚਾਹੁੰਦੇ ਹਨ। ਰਾਹੁਲ ਗਾਂਧੀ ਪੰਜਾਬ ਆਏ ਤਾਂ ਉਨ੍ਹਾਂ ਨੇ ਸਭ ਨੂੰ ਝਿੜਕਿਆ। ਮਲਿਕਾ ਅਰਜੁਨ ਖੜਗੇ ਨੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਸਿਰਫ਼ ਮਿਸਟਰ ਰੰਧਾਵਾ ਕਿਹਾ ਅਤੇ ਉਸ ਦਾ ਨਾਮ ਵੀ ਨਹੀਂ ਲਿਆ।


## "ਅੰਤਰਰਾਸ਼ਟਰੀ ਮਹਿਲਾ ਦਿਵਸ ਤੇ" (ਜਸਵੀਰ ਸ਼ਰਮਾਂ ਦੱਦਾਹੂਰ)



ਜੱਗ ਜਨਨੀ ਹੈ ਔਰਤ ਆਪਾਂ,ਇਸ ਨੂੰ ਸੀਸ ਨਵਾਈਏ।
ਕਦੇ ਨਾ ਮੰਦਾ ਬੋਲੀਏ ਗੱਲ ਇਹ,ਦਿਲ ਦੇ ਵਿੱਚ ਵਸਾਈਏ।।
ਸੰਤ ਮਹਾਤਮਾ ਪੀਰ ਫ਼ਕੀਰ,ਸੱਭ ਇਸ ਦੀ ਕੁੱਖੋਂ ਜਾਏ।
ਸੋ ਕਿਉ ਮੰਦਾ ਆਖੀਏ,ਇਹ ਗੁਰੂ ਨਾਨਕ ਜੀ ਫੁਰਮਾਏ।।
ਹਰ ਥਾਂ ਮੱਲਾਂ ਮਾਰੀਆਂ ਵੇਖੋ,ਮਾਂ ਭੈਣ ਧੀ ਬਣਕੇ।
ਦੁਸ਼ਮਣ ਅੱਗੇ ਭਾਗ ਕੌਰ ਮਾਂ,ਖੜ੍ਹ ਗਈ ਸੀਨਾ ਤਣਕੇ।।
ਮਦਰ ਟੈਰੇਸਾ ਰਾਣੀ ਝਾਂਸੀ ਕਲਪਨਾ ਮਾਂ ਦੀ ਜਾਈ।
ਆਪੋ ਆਪਣੇ ਖੇਤਰਾਂ ਅੰਦਰ,ਲੀਹ ਨਿਵੇਕਲੀ ਪਾਈ।।
ਜੁੱਤੀ ਪੈਰਾਂ ਦੀ ਨਾ ਸਮਝੀਏ,ਇਹ ਇਸੇ ਦੀ ਵਡਿਆਈ।
ਦੇਈਏ ਦਿਲੋਂ ਦੁਆਵਾਂ,ਇਹ ਵੀ ਮਾਂ ਕਿਸੇ ਦੀ ਜਾਈ।।
ਇਸ ਨੂੰ ਸਮਰਪਿਤ ਵਿਸ਼ਵ ਦਿਵਸ ਤੇ,ਕਰੀਏ ਇਸ ਨੂੰ ਸਿਜਦਾ।
ਦੱਦਾਹੂਰੀਆ ਇਸ ਦੇ ਵਰਗਾ ਜਜ਼ਬਾ,ਕਿਤੇ ਵੀ ਨਹੀਂਓ ਦਿਸਦਾ।।


ਸਟੇਟ ਐਵਾਰਡੀ ਲੇਖਕ
ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ

## ''''''''''''''''''''''ਬੋਲੀ''''''''''''''''''''''



ਚਿੱਟਾ ਚਿੱਟਾ ਕਰੇ ਸਰਕਾਰੇ
ਨੀਂ ਦੇਖ ਚਿੱਟੇ ਦੇ ਕਾਰੇ
ਚਿੱਟਾ ਕੁੜਤਾ ਪਜਾਮਾ ਪਾ ਮੰਤਰੀ
ਲਾਉਂਦਾ ਫਿਰਦਾ ਨਾਅਰੇ
ਨੀਂ ਚਿੱਟੀ ਗੱਡੀ ਵਿਚ ਵੱਡਾ ਮੰਤਰੀ
ਕਰਦਾ ਕੰਮ ਨਿਆਰੇ
ਨੀਂ ਚਿੱਟੀ ਕੋਠੀ ਵਿਚ
ਅਮੀਰ ਮੰਤਰੀ ਲੈਂਦਾ ਖ਼ੂਬ ਨਜ਼ਾਰੇ
ਨੀਂ ਚਿੱਟੇ ਜਹਾਜ਼ ਵਿਚ ਬਹਿ ਕੇ
ਅਗਲਾ ਆਪਣੇ ਕੰਮ ਸਵਾਰੇ
ਨੀਂ ਚਿੱਟਾ ਪੀ ਪੀ ਜਵਾਨੀ ਮੁੱਕਗੀ
ਰਮਨ ਪਾਉਂਦੀ ਤੈਨੂੰ ਹਾੜ੍ਹੇ
ਚਿੱਟੇ ਰੰਗ ਨੂੰ ਨੀਂ
ਕਰ ਕਬਜੇ ਵਿਚ ਸਰਕਾਰੇ ਚਿੱਟੇ ਰੰਗ ਨੂੰ ਨੀਂ.....
ਰਮਨਦੀਪ ਕੌਰ

## ਉਹ ਰੰਗ ਲੱਭਦਾ ਰਿਹਾ,ਭਰੇ ਬਜ਼ਾਰ ਵਿੱਚ ਤੁਰਦਾ -ਤੁਰਦਾ ਹੰਭ ਗਿਆ



ਉਹ ਰੰਗ ਲੱਭਦਾ ਰਿਹਾ
ਭਰੇ ਬਜ਼ਾਰ ਵਿੱਚ ਤੁਰਦਾ -ਤੁਰਦਾ
ਹੰਭ ਗਿਆ
ਹੱਟੀਆਂ 'ਚ ਜਿਵੇਂ ਰੰਗਾਂ ਦੀ
ਸੁਨਾਮੀ ਆਈ ਹੋਵੇ
ਰੰਗ ਨਾਲ਼ ਲਿੱਬੜੇ ਹੱਥਾਂ 'ਚ
ਘਿਰਿਆ ਸ਼ਹਿਰ
ਪਿਕਾਸੋ ਦੇ ਬੁਰਸ਼ ਦੀ ਤਰ੍ਹਾਂ
ਹਲਚਲ ਵਿੱਚ ਸੀ
ਪਰ ਉਹ ਰੰਗ ਲੱਭਦਾ ਰਿਹਾ!
ਉਹਨੂੰ ਚਾਹੀਦਾ ਸੀ ਸ਼ਰਾਰਤੀ ਰੰਗ
ਉਹਦੇ ਨੈਣਾਂ ਜਿਹਾ
ਉਹਦੀਆਂ ਜ਼ੁਲਫ਼ਾਂ ਚੋਂ ਲੰਘਦੇ
ਸੂਰਜ ਦਾ ਚੁੰਮਣ ਰੰਗ
ਉਹਦੇ ਮੁਖੜੇ ਜਿਹਾ...ਸੰਗਾਊ ਰੰਗ
ਉਹ ਅੱਖਾਂ ਬੰਦ ਕਰਕੇ
ਚਿਤਵਦਾ ਹੈ ਉਹਨੂੰ
ਚੇਤੇ ਕਰਦਾ ਹੈ
ਉਹਦੀਆਂ ਚੁੰਨੀਆਂ ਦੀਆਂ ਕਿਨਾਰੀਆਂ
ਭਰ ਜਾਂਦਾ ਹੈ ਸੁਰਖ਼ ਰੰਗ ਨਾਲ... ਰਗਾਂ ਤੀਕ
ਹੁਣ...ਹੁਣ ਉਹ ਰੰਗ ਨਹੀਂ ਲੱਭਦਾ
ਹੁਣ ਉਹ ਰੰਗਾਂ ਵਾਲੜੀ ਨੂੰ ਲੱਭਦਾ ਹੈ...
✍🏻 ਜਸ ਜੀਤ 🌻

# ਪੜ੍ਹਾਈ ਵਿੱਚ ਮੁੰਡੇ ਕੁੜੀਆਂ ਦੇ ਮੁਕਾਬਲੇ ਪਿੱਛੇ ਕਿਉਂ ਰਹਿੰਦੇ ਜਾ ਰਹੇ ਹਨ?



ਪੜ੍ਹਾਈ ਵਿੱਚ ਮੁੰਡੇ ਕੁੜੀਆਂ ਦੇ ਮੁਕਾਬਲੇ ਪਿੱਛੇ ਕਿਉਂ ਰਹਿੰਦੇ ਜਾ ਰਹੇ ਹਨ? ਮੈਂ ਦੇਖਿਆ ਕਿ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵੀ ਉੱਚ ਸਿੱਖਿਆ ਲਈ ਕੁੜੀਆਂ ਦੇ ਦਾਖਲੇ ਮੁੰਡਿਆਂ ਦੇ ਮੁਕਾਬਲੇ ਜਿਆਦਾ ਹਨ । ਇਸਦਾ ਕਾਰਨ ਬਹੁਤੇ ਮੁੰਡੇ 10+2 ਤੋਂ ਬਾਅਦ ਉੱਚ ਸਿੱਖਿਆ ਲਈ ਦਾਖਲਾ ਹੀ ਨਹੀਂ ਲੈਂਦੇ ਤੇ ਜੇਕਰ ਲੈਂਦੇ ਹਨ ਤਾਂ ਵਿੱਚੇ ਹੀ ਛੱਡ ਦਿੰਦੇ ਹਨ , ਓਹਦੇ ਮੁਕਾਬਲੇ ਕੁੜੀਆਂ ਜਿਆਦਾ ਮਿਹਨਤੀ ਹੁੰਦੀਆਂ ਹਨ ਅਤੇ ਪੜ੍ਹਾਈ ਨੂੰ ਪੂਰਾ ਕਰਦੀਆਂ ਹਨ । ਇੱਕ ਕਾਰਨ ਨੌਜਵਾਨ ਪੀੜ੍ਹੀ ਦਾ ਵਿਦੇਸ਼ਾਂ ਵੱਲ ਰੁਝਾਨ ਏਥੇ ਸਟੱਡੀ ਕਰ ਨਹੀਂ ਸਕਦੇ ਬਾਹਰ ਜਾਕੇ ਸਟੱਡੀ ਵੀ ਕਰਦੇ ਹਨ ਅਤੇ ਨਾਲ ਜੌਬ ਵੀ ਕਰਦੇ ਹਨ ,ਦੂਜਾ ਮੁੱਖ ਕਾਰਨ ਵੇਖਿਆ ਭਾਵੇਂ ਕਿ ਮੁੰਡੇ ਕੁੜੀ ਦਾ ਹੁਣ ਲੋਕ ਜਿਆਦਾ ਫ਼ਰਕ ਨਹੀਂ ਸਮਝਦੇ ਪਰ ਪਿੰਡਾਂ ਵਿੱਚ ਅਜੇ ਵੀ ਜਿਨ੍ਹਾਂ ਘਰਾਂ ਦੀ ਇਨਕਮ ਘੱਟ ਹੈ ਅਜੇ ਵੀ ਮੁੰਡੇ ਕੁੜੀ ਵਿੱਚ ਫ਼ਰਕ ਕੀਤਾ ਜਾਂਦਾ ਹੈ ਮੁੰਡਿਆਂ ਨੂੰ ਜਿਆਦਾ ਪਿਆਰ ਤੇ ਖੁੱਲ੍ਹ ਦਿੱਤੀ ਜਾਂਦੀ ਹੈ ਜੋਕਿ ਸ਼ੁਰੂ ਤੋਂ ਹੀ ਉਸਦੇ ਦਿਮਾਗ ਵਿੱਚ ਇੱਕ ਗੱਲ ਘਰ ਕਰ ਜਾਂਦੀ ਹੈ ਕਿ ਮੇਰੀ ਜਿਆਦਾ ਕਦਰ ਹੈ ,ਇੱਕ ਗੱਲ ਹੋਰ ਪਰਿਵਾਰ ਵਿੱਚ ਦਾਦਾ ਦਾਦੀ ਮੁੰਡੇ ਨੂੰ ਮਾਤਾ ਪਿਤਾ ਵੱਲੋਂ ਦਿੱਤੀ ਮਾੜੀ ਜਿਹੀ ਝਿੜਕ ਤੋਂ ਵੀ ਵਰਜਣ ਲੱਗ ਜਾਣਗੇ, ਇਸਦਾ ਇੱਕ ਹੋਰ ਵੀ ਕਾਰਨ ਹੈ ਬਹੁਤੇ ਮੁੰਡਾ ਮਾਪਿਆਂ ਦੀ ਇਕੱਲੀ ਇਕੱਲੀ ਔਲਾਦ ਹੁੰਦੇ ਹਨ,ਹੁਣ ਇਕੱਲਾ ਬੱਚਾ ਤੇ ਪਹਿਲਾਂ ਹੀ ਇਹ ਸੋਚਕੇ ਬੈਠਾ ਹੁੰਦਾ ਕਿ ਮੈਨੂੰ ਮਾਪੇ ਕੁੱਝ ਕਹਿ ਨਹੀਂ ਸਕਦੇ ,ਅਧਿਆਪਕ ਨੂੰ ਪੋਲੀ ਜਿਹੀ ਲਾਉਣ ਦਾ ਅਧਿਕਾਰ ਵੀ ਖੋਹ ਲਿਆ ਗਿਆ ਹੈ, ਨਾ ਕੁੱਝ ਮਾਤਾ ਪਿਤਾ ਕਹਿਣ ਜੋਗੇ ਨਾ ਅਧਿਆਪਕ ,ਇਹ ਸਭ ਚੀਜ਼ਾਂ ਮੁੰਡਿਆਂ ਨੂੰ ਵਿਗਾੜ ਰਹੀਆਂ ਹਨ ਅਤੇ ਸਭ ਤੋਂ ਵੱਡਾ ਕਾਰਨ ਨਕਲ ਜੋ ਕਿ ਬਹੁਤ ਵੱਡਾ ਕੋਹੜ ਆ ,ਜਿਹੜੇ ਸਕੂਲ ਨਕਲ ਦੇ ਹੱਕ ਵਿੱਚ ਨਹੀਂ ਹੁੰਦੇ ਓਹ ਤਾਂ ਬੱਚਿਆਂ ਦੇ ਪੜ੍ਹਾਈ ਦੇ ਪੱਧਰ ਅਤੇ ਅਨੁਸਾਸ਼ਨ ਨੂੰ ਪਹਿਲ ਦਿੰਦੇ ਹਨ ਅਤੇ ਜੋ ਬੱਚੇ ਉਹਨਾਂ ਦੀ ਉਸ ਸ਼ਰਤ ਤੇ ਖਰੇ ਨਹੀਂ ਉਤਰਦੇ ਉਹਨਾਂ ਨੂੰ ਅੱਠਵੀਂ ਕਲਾਸ ਤੋਂ ਬਾਅਦ ਦਾਖਲੇ ਤੋਂ ਇਨਕਾਰ ਕਰ ਦਿੰਦੇ ਹਨ ਤੇ ਇਹੋ ਜਿਹੇ ਬੱਚਿਆਂ ਨੂੰ ਫਿਰ ਉਹ ਸਕੂਲ ਚਾਹੀਦੇ ਹੁੰਦੇ ਹਨ ਹੋ ਜੋ ਕਿ ਉਹਨਾਂ ਨੂੰ ਪਾਸ ਕਰਾ ਸਕਣ ,ਹੁਣ ਦੇਖੋ ਜਿਹੜੇ ਬੱਚੇ ਤੇ ਪੜ੍ਹਨ ਵਾਲੇ ਹੋਏ ਉਹਨਾਂ ਤੇ ਕਿਸੇ ਚੀਜ਼ ਨਾਲ ਸਮਝੌਤਾ ਨਹੀਂ ਕਰਨਾ ਪਰ ਜਿਹੜੇ ਬੱਚੇ ਨਕਲ ਤੇ ਨਿਰਭਰ ਕਰਦੇ ਹਨ ਓਹ ਮਸਾਂ ਖਿੱਚ ਧੂਹ ਕੇ ਬਾਰ੍ਹਵੀਂ ਪਾਸ ਕਰਦੇ ਹਨ ਕੁਝ ਬਾਹਰਲੇ ਮੁਲਖਾਂ ਵਿੱਚ ਨਿਕਲ ਜਾਂਦੇ ਹਨ ਬਾਕੀ ਜਿਨ੍ਹਾਂ ਦੀ ਸਮਰੱਥਾ ਨਹੀਂ ਹੁੰਦੀ ਓਹ ਫਿਰ ਬਸ ਰਹਿ ਜਾਂਦੇ ਹਰ ਪਾਸੇ ਤੋਂ ਹੀ ,ਨਾ ਹੀ ਉਹ ਅੱਗੇ ਪੜ੍ਹਨ ਜੋਗੇ ਹੁੰਦੇ ਹਨ ਕਿਉਂਕਿ ਨਕਲ ਓਹਨਾਂ ਦੀਆਂ ਜੜ੍ਹਾਂ ਵਿੱਚ ਬੁਰੀ ਤਰ੍ਹਾਂ ਬੈਠ ਜਾਂਦੀ ਹੈ, ਜਿਆਦਾਤਰ ਮੁੰਡਿਆਂ ਦਾ ਭਵਿੱਖ ਖਰਾਬ ਕਰਨ ਵਿੱਚ ਇਹ ਨਕਲ ਅਹਿਮ ਰੋਲ ਨਿਭਾਉਂਦੀ ਹੈ,ਇਥੋਂ ਹੀ ਸ਼ੁਰੂ ਹੁੰਦੀਆਂ ਬੇਰੁਜਗਾਰੀ ,ਨਸ਼ਾ ਅਤੇ ਹੋਰ ਕਈ ਤਰ੍ਹਾਂ ਦੀਆਂ ਅਲਾਮਤਾਂ ਜੋਕਿ ਨੌਜਵਾਨੀ ਨੂੰ ਕੁਰਾਹੇ ਪਾਉਂਦੀਆਂ ਹਨ। ਸਿਆਣੇ ਕਹਿੰਦੇ ਸੀ ਰੰਬਾ ਤੇ ਮੁੰਡਾ ਜਿੰਨਾ ਚੰਡ ਕੇ ਰੱਖੋ ਓਨਾ ਵਧੀਆ ਮੁੰਡਿਆਂ ਨੂੰ ਪਿਆਰ ਦਿਓ ਪਰ ਜਿਆਦਾ ਲਾਡ ਪਿਆਰ ਵੀ ਬੱਚੇ ਨੂੰ ਵਿਗਾੜਦਾ ਹੈ ,ਉਹਨਾਂ ਦਾ ਭਵਿੱਖ ਵੀ ਮਾਤਾ ਪਿਤਾ ਦੇ ਹੱਥ ਵਿੱਚ ਹੈ ਸ਼ੁਰੂ ਤੋਂ ਕੀਤੀ ਸਖ਼ਤਾਈ ਕਦੇ ਪਛਤਾਉਣ ਨਹੀਂ ਦਿੰਦੀ । ਆਹ ਜੋ ਕੁੱਝ ਵੀ ਅਸੀਂ ਆਪਣੇ ਆਲੇ ਦੁਆਲੇ ਹੁੰਦਾ ਵੇਖ ਰਹੇ ਹਾਂ,ਆਏ ਦਿਨ ਖਬਰਾਂ ਵਿੱਚ ਸੁਣਦੇ ਵੇਖਦੇ ਹਾਂ,ਬਹੁਤੀ ਓਹਦੇ ਵਿੱਚ ਮੁੰਡਿਆਂ ਨੂੰ ਦਿੱਤੀ ਢਿੱਲ ਦਾ ਨਤੀਜਾ ਹੈ ਸੋ ਥੋੜ੍ਹੀ ਜਿਹੀ ਅਹਿਤਿਆਤ ਅਤੇ ਸਖ਼ਤਾਈ ਸਾਡੀ ਨੌਜਵਾਨੀ ਨੂੰ ਕੁਰਾਹੇ ਪੈਣ ਤੋਂ ਬਚਾ ਸਕਦੀ ਹੈ ਅਤੇ ਦੂਜੀ ਆਹ ਨਕਲ ਰੂਪੀ ਕੋਹੜ ਨੂੰ ਵੀ ਖਤਮ ਕਰਨ ਦੀ ਲੋੜ ਹੈ ਤਾਂ ਕਿ ਸਾਡੇ ਬੱਚੇ ਪੜ੍ਹ ਲਿਖਕੇ ਇੱਕ ਨਰੋਏ ਸਮਾਜ ਨੂੰ ਸਿਰਜਣ ਦੇ ਸਮਰੱਥ ਬਣਨ।

✍️ਹਰਵਿੰਦਰ ਕੌਰ ਕਾਹਲੋਂ

# ਔਰਤਾਂ ਦੀ ਜ਼ਿੰਦਗੀ ਵਿੱਚ ਵੈਸੇ ਤਾਂ ਬਹੁਤ ਮਸਲੇ ਹਨ ਪਰ ਅੱਜ ਜਿਸ ਮਸਲੇ ਦੀ ਗੱਲ ਕਰ ਰਹੀ ਹਾਂ ਉਹ ਹਰ ਔਰਤ ਲਈ ਵੱਡੀ ਪਰੇਸ਼ਾਨੀ ਖੜ੍ਹੀ ਕਰਦਾ ਹੈ।



ਔਰਤਾਂ ਦੀ ਜ਼ਿੰਦਗੀ ਵਿੱਚ ਵੈਸੇ ਤਾਂ ਬਹੁਤ ਮਸਲੇ ਹਨ ਪਰ ਅੱਜ ਜਿਸ ਮਸਲੇ ਦੀ ਗੱਲ ਕਰ ਰਹੀ ਹਾਂ ਉਹ ਹਰ ਔਰਤ ਲਈ ਵੱਡੀ ਪਰੇਸ਼ਾਨੀ ਖੜ੍ਹੀ ਕਰਦਾ ਹੈ। ਘਰੇਲੂ ਗ੍ਰਹਿਣੀ ਹੋਵੇ ਜਾਂ ਕੰਮ ਕਾਜੀ ਔਰਤ ਇਸ ਪਰੇਸ਼ਾਨੀ ਤੋਂ ਬਚ ਨਹੀਂ ਸਕਦੀ। ਹਾਂਜੀ ਇਹ ਪਰੇਸ਼ਾਨੀ ਹੈ ਗਰਮੀ ਤੇ ਸਰਦੀ ਦੇ ਕੱਪੜਿਆਂ ਦੀ ਸਾਂਭ ਸੰਭਾਲ। ਸਾਰੇ ਪਰਿਵਾਰ ਦੇ ਸਰਦੀਆਂ ਦੇ ਕੱਪੜੇ ਧੋ ਕੇ ਸੰਭਾਲ ਕੇ ਇਕੱਠੇ ਕਰਕੇ ਸਾਂਭਣੇ ਕਹਿਣ ਨੂੰ ਸੌਖਾ ਹੋ ਸਕਦਾ ਹੈ ਪਰ ਬੜਾ ਔਖਾ ਕੰਮ ਹੈ। ਇਸ ਦੇ ਨਾਲ ਹੀ ਗਰਮੀਆਂ ਦੇ ਕੱਪੜਿਆਂ ਨੂੰ ਬਾਹਰ ਕੱਢਣਾ ਧੋਣਾ ਸਵਾਰਨਾ ਤੇ ਅਲਮਾਰੀਆਂ ਵਿੱਚ ਟੰਗਣਾ। ਇਹ ਖਾਸਾ ਯੱਬ ਹੈ। ਇਹ ਉਹ ਸਮਾਂ ਹੈ ਜਦੋਂ ਲੱਗਦਾ ਹੈ ਕਿ ਕੱਪੜੇ ਬਹੁਤ ਜਿਆਦਾ ਹਨ। ਉਸ ਸਮੇਂ ਮਨ ਵਿੱਚ ਇਹ ਫੈਸਲਾ ਵੀ ਕੀਤਾ ਜਾਂਦਾ ਹੈ ਕਿ ਹੁਣ ਕੋਈ ਕੱਪੜਾ ਨਹੀਂ ਖਰੀਦਣਾ ਜਦ ਤੱਕ ਇਹ ਸਾਰੇ ਹੰਡਾ ਨਹੀਂ ਲਏ ਜਾਂਦੇ। ਬਹੁਤ ਸਾਰੇ ਕੱਪੜੇ ਜੋ ਦੋ ਦੋ ਸਾਲ ਤੋਂ ਇਸਤੇਮਾਲ ਨਹੀਂ ਕੀਤੇ ਹੁੰਦੇ ਉਹਨਾਂ ਨੂੰ ਵੀ ਸਵਾਰ ਕੇ ਅਲਮਾਰੀ ਵਿੱਚ ਟੰਗ ਦਿੱਤਾ ਜਾਂਦਾ ਹੈ ਇਹ ਸੋਚ ਕੇ ਕਿ ਕਿਸੇ ਵੇਲੇ ਮੌਕੇ ਪਾਏ ਜਾਣਗੇ। ਸਵੈਟਰਾਂ ਦੀ ਸਾਂਭ ਸੰਭਾਲ ਖਾਸੀ ਊਰਜਾ ਖਾ ਜਾਂਦੀ ਹੈ। ਅੱਛਾ ਇਹ ਪਤਾ ਨਹੀਂ ਕਿਸਨੇ ਸ਼ੁਰੂ ਕੀਤਾ ਕਿ ਔਰਤ ਹੀ ਘਰ ਦੇ ਸਾਰੇ ਕੱਪੜੇ ਸੰਭਾਲੇਗੀ। ਬਈ ਹਰ ਬੰਦਾ ਆਪਣੇ ਆਪਣੇ ਕੱਪੜੇ ਸੰਭਾਲ ਕੇ ਰੱਖ ਲਵੇ। ਚਲੋ ਕੱਪੜਿਆਂ ਦੀ ਗੱਲ ਛੱਡੋ ਰਜਾਈਆਂ ਕੰਬਲ ਇਹਨਾਂ ਦਾ ਵੀ ਆਪਣਾ ਮਸਲਾ ਹੈ। ਅੱਜ ਦੇ ਮਾਡਰਨ ਘਰਾਂ ਵਿੱਚ ਜਿੱਥੇ ਪੇਟੀਆਂ ਨਹੀਂ ਹਨ ਉਥੇ ਬੋਕਸ ਬੈਡ ਅਲਮਾਰੀ ਦੇ ਉੱਪਰਲੇ ਖਾਨੇ ਇਹਨਾਂ ਸਾਰਿਆਂ ਵਿੱਚ ਇਹ ਤੁੰਨ ਦਿੱਤੀਆਂ ਜਾਂਦੀਆਂ ਹਨ। ਕਈ ਵਾਰ ਤਾਂ ਯਾਦ ਹੀ ਨਹੀਂ ਆਉਂਦਾ ਕਿ ਕਿਹੜੀ ਚੀਜ਼ ਕਿੱਥੇ ਰੱਖੀ ਸੀ। ਜਰਾਬਾਂ ਵਾਲੇ ਬੈਗ ਤਾਂ ਕਦੀ ਕਦੀ ਦੋ ਦੋ ਸਾਲਾਂ ਬਾਅਦ ਲੱਭਦੇ ਹਨ। ਕੋਈ ਸਿਆਣੇ ਲੋਕ ਲਿਸਟਾਂ ਬਣਾ ਲੈਂਦੇ ਹਨ ਕਿ ਕਿਹੜੇ ਥਾਂ ਤੇ ਕਿਹੜੀ ਚੀਜ਼ ਰੱਖੀ ਹੈ। ਪਰ ਮੇਰੇ ਵਰਗੇ ਤੂੰ ਉਹ ਲਿਸਟ ਵੀ ਗਵਾਚ ਜਾਂਦੀ ਹੈ। ਮੇਰੀ ਤਾਂ ਇੱਕੋ ਹੀ ਬੇਨਤੀ ਹੈ ਕੁਦਰਤ ਨੂੰ ਜਾਂ ਤਾਂ ਸਾਰਾ ਸਾਲ ਗਰਮੀ ਕਰਦੇ ਜਾਂ ਸਰਦੀ। ਇਹ ਮੌਸਮ ਅਨੁਸਾਰ ਕੱਪੜਿਆਂ ਦੇ ਰੱਖ ਰਖਾਵ ਤੋਂ ਤਾਂ ਛੁਟਕਾਰਾ ਹੋਵੇ।

ਚਲੋ ਲੱਗੀਏ ਕੱਪੜੇ ਸਾਂਭਣ। ਕਿਤੇ ਜਾਣਾ ਹੋਵੇ ਤਾਂ ਪਾਉਣ ਨੂੰ ਕੋਈ ਕੱਪੜਾ ਨਹੀਂ ਹੁੰਦਾ ਸਾਂਭਣ ਵੇਲੇ ਹੁਣ ਢੇਰ ਲੱਗੇ ਹੋਏ ਹਨ

# ਵੈਸੇ ਤਾਂ ਨਪੋਲੀਅਨ ਠੀਕ ਬੰਦਾ ਨਹੀਂ ਸੀ ਪਰ ਕੁੱਝ ਗੱਲਾਂ ਉੱਤੇ ਉਹ ਆਪਣੇ ਪਿਤਾ ਦੇ ਖ਼ਿਲਾਫ਼ ਖੜ੍ਹ ਗਿਆ ਸੀ



ਵੈਸੇ ਤਾਂ ਨਪੋਲੀਅਨ ਠੀਕ ਬੰਦਾ ਨਹੀਂ ਸੀ ਪਰ ਕੁੱਝ ਗੱਲਾਂ ਉੱਤੇ ਉਹ ਆਪਣੇ ਪਿਤਾ ਦੇ ਖ਼ਿਲਾਫ਼ ਖੜ੍ਹ ਗਿਆ ਸੀ। ਜਿਵੇਂ ਬਹੁਤਿਆਂ ਨੂੰ ਮੇਰੀਆਂ ਲਿਖ਼ਤਾਂ ਦੀ ਸਮਝ ਨਹੀਂ ਆਉਂਦੀ। ਨਪੋਲੀਅਨ ਦੀ ਸਮਝ ਨਹੀਂ ਆਈ ਇੱਕ ਪਾਸੇ ਲੋਕ ਨਪੋਲੀਅਨ ਦੇ ਲਿਖੇ ਦੀ ਤਰੀਫ ਕਰਦੇ। ਨਪੋਲੀਅਨ ਆਪਣੀਆਂ ਲਿਖਤਾਂ ਵਿੱਚ ਕਿਸੇ ਖਾਸ ਦੀ ਤਰੀਫ਼ ਕਰਦਾ , ਦੂਜੇ ਪਾਸੇ ਇੱਕ ਦੁਸ਼ਟ ਮੰਨਿਆ ਜਾਂਦਾ। ਨਪੋਲੀਅਨ ਦੀ ਆਰਮੀ ਨੇ ਕੋਈ ਲੁੱਟ ਨਹੀਂ ਕੀਤੀ ਪਰ ਹਮੇਸ਼ਾ ਵਿਵਾਦਾਂ ਵਿੱਚ ਰਹਿੰਦਾ , ਇੱਕ ਸਮੇਂ ਨਪੋਲੀਅਨ ਹੱਥੋਂ ਸਭ ਕੁੱਝ ਨਿੱਕਲ ਜਾਂਦਾ। ਉਸਨੂੰ ਕਿਸੇ ਨੇ ਪੁੱਛਿਆ ਜ਼ਿੰਦਗੀ ਵਿੱਚ ਸਭ ਤੋਂ ਵੱਧ ਖੁਸੀ ਕਦ ਹੋਈ ਤਾਂ ਨਪੋਲੀਅਨ ਦਾ ਜੁਆਬ ਸੀ ਜਦ ਮੇਰੀ ਮਾਂ ਦੇ ਹੱਥੋਂ ਪੈਸੇ ਲੈਕੇ ਖ਼ਰਚ ਕਰਦਾਂ।

ਨਪੋਲੀਅਨ ਵਾਂਗ ਕਦੇ ਕੋਈ ਚੋਰੀ ਨਹੀਂ ਕੀਤੀ ਪਰ ਸਮਝਦਾਰ ਇਨਸਾਨਾਂ ਦੀ ਸਮਝਦਾਰੀ ਦੇ ਗੁਣ ਜਰੂਰ ਚੋਰੀ ਕਰੇ। ਨਪੋਲੀਅਨ ਦੇ ਵੀ ਚੰਗੇ ਗੁਣ ਦਰਸਾਏ ਗਏ ਹਨ। ਨਪੋਲੀਅਨ ਵਾਂਗ ਸੱਤਾ ਦੀ ਭੁੱਖ ਤਾਂ ਨਹੀਂ ਪਰ ਇਹ ਵੀ ਸੱਚ ਕੀ ਕਿਸੇ ਗੁਣੀ ਗਿਆਨੀ ਨਾਲ ਕੁਰਸੀ ਉੱਤੇ ਬੈਠਣ ਦੀ ਨਪੋਲੀਅਨ ਵਾਂਗ ਬਾਕੀ ਚੀਜਾਂ ਨਾਲੋਂ ਬਹੁਤ ਜਿਆਦਾ ਖੁਸੀ ਹੋਈ ਐ। ਜਿਨਾ ਨੂੰ ਮੈਂ ਇੱਕ ਅਜਨਬੀ ਰੂਪ ਵਿੱਚ ਮਿਲਿਆ ਸੀ। ਰੱਬ ਦੀ ਦਰਗਾਹ ਵਿੱਚ ਉਹ ਬੰਦੇ ਪ੍ਰਵਾਨ ਹੁੰਦੇ ਜਿਹੜੇ ਕਿਸੇ ਅਜਨਬੀ ਦੀ ਮੱਦਦ ਕਰਦੇ ਅਤੇ ਉਹ ਵੀ ਪ੍ਰਵਾਨ ਹੁੰਦੇ ਜਿਹੜੇ ਕਿਸੇ ਦਾ ਅਹਿਸਾਨ ਨਹੀਂ ਭੁੱਲਦੇ।

ਮੈਨੂੰ ਪਤਾ ਰੱਬ ਨੀਵਿਆਂ ਵਿੱਚ ਹੁੰਦਾ , ਤਾਹੀਂ ਮੈਂ ਗੁਣੀ ਗਿਆਨੀ ਇਨਸਾਨਾਂ ਦੇ ਚਿਹਰੇ ਤੋਂ ਪਹਿਲਾਂ ਪੈਰਾਂ ਵੱਲ ਵੇਖਕੇ ਝੁਕਦਾਂ। ਮੈਂ ਸਾਇਦ ਉੱਥੇ ਨਹੀਂ ਪਹੁੰਚ ਸਕਦਾ ਜਿੱਥੋਂ ਵਾਪਿਸ ਮੁੜਕੇ ਉਹ ਮੇਰੇ ਜਿਹੇ ਨੀਵੇਂ ਦੇ ਹੌਸਲਾ ਬਣ ਗਏ। ਅਜੇ ਮੈਂ ਉਹਨਾਂ ਜਿੰਨੇ ਤਜ਼ਰਬਿਆਂ ' ਚੋਂ ਨਹੀਂ ਲੰਘਿਆ , ਮੈਂ ਮੰਨਦਾ ਅਜੇ ਮੇਰੇ ਅੰਦਰ ਜਿੱਦ , ਕਮੀਆਂ ਅਤੇ ਹੰਕਾਰ ਹੈ ਹੰਕਾਰ ਕਿੱਧਰੇ ਵੀ ਪਹੁੰਚ ਨਹੀਂ ਸਕਦਾ। ਹੁਣ ਕਿਸੇ ਨੂੰ ਮਿਲਣ ਤੋਂ ਪਹਿਲਾਂ ਹੰਕਾਰ ਨੂੰ ਮਾਰਨ ਦੀ ਕੋਸ਼ਿਸ਼ ਹੈ ਜਾਂ ਕਦੇ ਮਿਲਦਾ ਹੀ ਨਹੀਂ। ਪਰ ਕਿਸੇ ਹਾਉਂਕੇ ਦੇ ਸਰਾਪ ਵਾਲੇ ਬੱਚੇ ਨੂੰ ਗੁਣੀ ਗਿਆਨੀ ਇਨਸਾਨਾਂ ਨਾਲ ਬਰਾਬਰ ਬੈਠ ਕੇ ਕਿੰਨੀ ਖੁਸੀ ਮਿਲਦੀ ਹੈ। ਜਿਨਾ ਥਾਵਾਂ ਨੂੰ ਆਮ ਲੋਕ ਸਿਰਫ ਸਕਰੀਨ ਉੱਤੇ ਵੇਖ ਕੇ ਚਾਅ ਕਰਦੇ ਹਨ। ਇਹ ਚਾਅ , ਖੁਸੀ ਕਿਸੇ ਕੁਰਸੀ ਦੀ ਨਹੀਂ ਸਗੋਂ ਚੰਗੇ ਇਨਸਾਨ ਨਾਲ ਬੈਠਣ ਲਈ ਲੋਕ ਤਰਸਦੇ ਹਨ।

ਸਰਦਾਰ ਗੁਰਭਜਨ ਸਿੰਘ ਗਿੱਲ ਕਹਿੰਦੇ ਹਨ ਵੱਡਾ ਬੰਦਾ ਉਹ ਹੁੰਦਾ ਜਿਹੜਾ ਆਪਣੇ ਨਾਲ ਬੈਠੇ ਨੂੰ ਨੀਵਾਂ ਨਾ ਮਹਿਸੂਸ ਹੋਣ ਦੇਵੇ। ਮੈਂ ਕਹਿੰਦਾ ਤਾਕਤ ਕਿਸੇ ਨੂੰ ਦੱਬਣ ਲਈ ਨਹੀਂ ਕਿਸੇ ਦੱਬੇ ਹੋਏ ਨੂੰ ਚੁੱਕਣ ਵਿੱਚ ਹੁੰਦੀ।

ਜਗਤਾਰ ਸਿੰਘ ਧਾਲੀਵਾਲ
ਭਗਵਾਨ ਗੜ੍ਹ ਭੁੱਖਿਆਂ ਵਾਲੀ (ਬਠਿੰਡਾ)

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**


**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**

## ਸ਼ਬਦ ਸੱਭਿਆਚਾਰ ਦੇ ਪਸਾਰ ਲਈ ਨਿਰੰਤਰ ਯਤਨਸ਼ੀਲ ਸੰਸਥਾ



ਸ਼ਬਦ ਸੱਭਿਆਚਾਰ ਦੇ ਪਸਾਰ ਲਈ
ਨਿਰੰਤਰ ਯਤਨਸ਼ੀਲ ਸੰਸਥਾ
" ਕਲਾਪੀਠ "
ਅਤੇ
"ਅਨਿਲ ਆਦਮ ਮੈਮੋਰੀਅਲ ਵੈੱਲਫੇਅਰ ਫ਼ਾਊਂਡੇਸ਼ਨ "
ਫਿਰੋਜ਼ਪੁਰ ਵੱਲੋਂ
ਮਿੱਤਰ ਪਿਆਰੇ ਅਨਿਲ ਆਦਮ ਦੀ ਯਾਦ ਵਿੱਚ
ਦੂਜਾ ਅਨਿਲ ਆਦਮ ਸਿਮਰਤੀ ਸਮਾਗਮ
ਕਵੀ ਦਰਬਾਰ
ਮਨਜੀਤ ਪੁਰੀ ( Manjit Puri ) ਅਤੇ ਅਜੀਤਪਾਲ ਜਟਾਣਾ
(Ajitpal Jattana ) ਨੂੰ ਸੁਣਾਂਗੇ
ਚੇਤੇ ਰੱਖਿਓ 26 ਮਾਰਚ ਦਿਨ ਵੀਰਵਾਰ
ਡਿਜ਼ਾਈਨ ਲਈ ਧੰਨਵਾਦ Harmit Singh

## ਉਡੀਕ ਚ ਰਹੀ ਮੈਂ ਤੂੰ ਆਵੇਗਾ ਮੈਨੂੰ ਬੁਲਾਵੇਗਾ, ਕੁੱਛ ਮੇਰੀਆਂ ਸੁਣੇ, ਕੁੱਛ ਆਪਣੀਆਂ ਸੁਣਾਵੇਗਾ,



ਉਡੀਕ ਚ ਰਹੀ ਮੈਂ ਕਿ ਤੂੰ ਆਵੇਗਾ ਮੈਨੂੰ ਬੁਲਾਵੇਗਾ,
ਕੁੱਛ ਮੇਰੀਆਂ ਸੁਣੇਗਾ , ਤੇ ਕੁੱਛ ਆਪਣੀਆਂ ਸੁਣਾਵੇਗਾ,

ਤਾਂਘ ਮੁੱਕਦੀ ਹੀ ਨਹੀਂ ਓਸ ਯਾਦਾਂ ਦੇ ਪਲ ਦੀ,
ਜਦ ਤੂੰ ਦਰਦ ਦਾ ਬੋਝ ਮੇਰੇ ਨਾਲ ਬਹਿ ਵੰਡਾਵੇਗਾ,

ਚੁੱਪ ਜਹੀ ਬੁਲੀਆਂ ਤੇ ਜੋ ਮੈਂ ਰੱਖਦੀ, ਨੈਂਣਾ ਚ ਹੰਝੂ, ਆਸ ਰਹੀ ਤੇਰੇ ਕੋਲੋਂ ਕੀ ਰੋਂਦੀ ਨੂੰ ਤੂੰ ਹਸਾਵੇਗਾ,

ਬੀਤਾ ਵੇਲਾ ਮੁੜ ਨਹੀਂ ਆਉਣਾ, ਨਾ ਫਿਰ ਕਿਸੇ ਤੈਨੂੰ ਬੁਲੋਣਾ,
ਬਣ ਜਣਾ ਇੱਕ ਬੰਦ ਕਿਤਾਬ , ਫਿਰ ਪੰਨੇ ਫਰੋਲ ਪਛਤਾਏਗਾ,

ਰੀਝਾਂ ਜੋ ਦਿਲ ਮੇਰੇ ਦੀਆਂ ਕਿਤੇ ਤਸਵੀਰ ਨਾ ਬਣ ਜਾਵਣ ਰਾਣੂ,
ਕੀ ਦੱਸ ਫਿਰ ਤੂੰ ਤਸਵੀਰ ਨਾਲ ਕੱਲਾ ਬੋਲੀ ਜਾਵੇਗਾ..॥

ਗੁਰਜੀਤ ਕੌਰ ਰਾਣੂ ✍🏻

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਸੋਮਾ...**

ਜ਼ਿੰਦਗੀ ਨੂੰ ਮੁਹੱਬਤ ਦਾ ਸੋਮਾ ਬਣਾ ਲਓ। ਆਨੰਦ ਭਰੇ ਗੂੜੇ ਰੰਗ ਮੱਲੋ ਮੱਲੀ ਚੜ੍ਹਨ ਲੱਗ ਪੈਂਦੇ ਨੇ। ਫਿਰ ਮਨ 'ਚ ਚਲ ਪਊ, ਤੂੰ ਹੀ ਤੂੰ॥ ਜਲ ਹੀ ਜੀਵਨ ਹੈ। ਪਾਣੀ ਦਾ ਹਰ ਸੋਮਾ ਸਾਫ਼ ਸੁਥਰਾ ਰੱਖ ਸੰਜ਼ਮ ਨਾਲ ਵਰਤਣ ਦੀ ਆਦਤ ਬਣਾਈਏ ਤਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੋਮੇ ਬਚਾ ਕੇ ਦੇਣ ਦੇ ਯੋਗ ਬਣ ਸਕਦੇ ਹਾਂ॥ ਜ਼ਿੰਦਗੀ ਚੰਗੇ ਮੰਦੇ ਸੋਮਿਆਂ ਨਾਲ ਭਰਪੂਰ ਹੁੰਦੀ ਹੈ। ਪਹਿਚਾਣੋ। ਚੰਗੇ ਸੋਮੇ ਵਰਤਣ ਦੀ ਆਦਤ ਪੈ ਗਈ ਤਾਂ ਸਭ ਬੱਲੇ ਬੱਲੇ। ਮੰਦੇ ਸੋਮਿਆ 'ਚ ਉਲਝ ਕੇ ਰਹਿ ਗਏ ਤਾਂ ਸਭ ਕੁੱਝ ਥੱਲੇ ਥੱਲੇ ॥

**ਨਕੇਲ...**

ਜ਼ਬਾਨ ਨੂੰ ਨਕੇਲ ਪਾ ਕੇ ਰੱਖੋ। ਗਲਤੀ ਹੋ ਵੀ ਗਈ ਤਾਂ ਖ਼ਿਮਾਂ ਮੰਗਣ ਵਾਲੀ ਮੁਹਾਰ ਖਿੱਚੋ। ਖਾਹਮਖਾਹ ਦੀਆਂ ਸਮੱਸਿਆਵਾਂ ਤੋਂ ਬਚੇ ਰਹੋਂਗੇ॥ ਮਨ ਚੰਚਲ ਹੈ। ਮਨ ਨੂੰ ਪਾਈ ਨਕੇਲ ਮਨੁੱਖ ਨੂੰ ਰਾਜ ਭਾਗ ਦਾ ਹਿੱਸੇਦਾਰ ਵੀ ਬਣਾ ਸਕਦੀ ਹੈ ਨਹੀਂ ਤਾਂ ਲੇਲੜੀਆਂ ਕੱਢਣ ਵੀ ਲਾ ਸਕਦੀ ਹੈ। ਮਨ ਜੀਤੇ ਜਗੁ ਜੀਤ॥ ਜਾਨਵਰ ਨੂੰ ਨਕੇਲ ਪਾ ਜੋ ਮਰਜੀ ਕੰਮ ਲੈ ਲਵੋ। ਖਿਆਲਾਂ ਨੂੰ ਨਕੇਲ ਪਾਈ ਤਾਂ ਸੋਚਾਂ ਦੀ ਉਡਾਰੀ ਦੀ ਉਚਾਈ ਸੀਮਤ ਹੀ ਰਹਿ ਜਾਵੇਗੀ। ਚੇਤੇ ਰੱਖੋ ਉੱਚੀਆਂ ਉਡਾਰੀਆ ਹੀ ਨਵੇਂ ਵਿਚਾਰਾਂ ਦੀ ਸਿਰਜਣਾ ਕਰ ਸਕਦੀਆਂ ਨੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

## ਸਵੇਰ ਸੁਨੇਹਾ



ਸਿਆਣਾ ਬਾਪ ਉਹ ਹੁੰਦਾ ਹੈ। ਜੋ ਆਮਦਨ (ਬੱਚਤ) ਬੱਚਿਆਂ ਦੀ ਪੜ੍ਹਾਈ ਤੇ ਸਿਹਤਯਾਬੀ 'ਤੇ ਲਾਵੇ। ਉਹ ਤਾਂ ਮੂਰਖ਼ ਤੇ ਨਾਲਾਇਕ ਸਿੱਧ ਹੁੰਦਾ ਹੈ।ਜੋ ਬੱਚਿਆਂ ਨੂੰ ਗੋਲੀ ਗੀਟੇ ਖੇਲਣ ਵੇਲੇ ਜ਼ਿਆਦਾ ਖ਼ਰਚ ਕਰ ਦੇਵੇ। ਉਹ ਰੋਟੀ ਤੋਂ ਮੁਥਾਜ ਹੋ ਜਾਣ। ਫਿਰ ਘਰ ਦੀ ਤੰਗੀ ਤੁਰਸ਼ੀ ਦੂਰ ਕਰਨ ਲਈ ਆਂਢ ਗੁਆਂਢ ਵਿੱਚ ਧਮਕੀ ਦੇ ਕੇ ਕਿਸੇ ਨਾ ਕਿਸੇ ਰੂਪ ਵਿੱਚ ਪੈਸਾ ਹਥਿਆਉਣ ਦੀ ਕੋਸ਼ਿਸ਼ ਕਰੇ। ਹਾਲੇ ਲਾਈਨ ਹੀ ਪੂਰੀ ਕੀਤੀ ਸੀ ਕਿ,ਟੀ ਵੀ 'ਤੇ ਈਰਾਨ, ਇਜ਼ਰਾਈਲ ਤੇ ਅਮੇਰਿਕਾ ਦੇ ਯੁੱਧ ਦੀਆਂ ਖ਼ਬਰਾਂ ਚੱਲ ਪਈਆਂ। ਹੁਣ ਮੇਰਾ ਧਿਆਨ ਉਹਨਾਂ ਦੀ ਸਿਆਣਪ ਵੱਲ ਚਲੇ ਗਿਆ।
ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
8146593089

# ਨੈਨਸੀ ਗਰੇਵਾਲ ਦਾ ਕਤਲ ਅੱਜ ਕੱਲ੍ਹ ਮੀਡੀਏ ਦਾ ਮਸਾਲਾ ਬਣਿਆ ਹੋਇਆ ਹੈ ਅਤੇ ਉਹ ਚਟਕਾਰੇ ਲੈ ਲੈ ਕੇ ਇਸ ਨੂੰ ਪੇਸ਼ ਕਰ ਰਿਹਾ ਹੈ। ਲਾ



ਨੈਨਸੀ ਗਰੇਵਾਲ ਦਾ ਕਤਲ ਅੱਜ ਕੱਲ੍ਹ ਮੀਡੀਏ ਦਾ ਮਸਾਲਾ ਬਣਿਆ ਹੋਇਆ ਹੈ ਅਤੇ ਉਹ ਚਟਕਾਰੇ ਲੈ ਲੈ ਕੇ ਇਸ ਨੂੰ ਪੇਸ਼ ਕਰ ਰਿਹਾ ਹੈ। ਲਾਸਾਲ ਪੁਲਿਸ ਨੇ ਭਾਂਵੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਸਨੇ ਅਜੇ ਇਸ ਕਤਲ ਦੇ ਮਾਮਲੇ ਵਿੱਚ ਨਾ ਤਾਂ ਕਿਸੇ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਨਾ ਹੀ ਕਿਸੇ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਹੈ। ਪਰ ਇਸ ਕਤਲ ਦੀ ਜ਼ਿੰਮੇਵਾਰੀ ਲੈਣ ਲਈ ਕਈ ਲੋਕ ਆਪਣਾ ਦਾਅਵਾ ਪੇਸ਼ ਕਰ ਰਹੇ ਜਿਨਾਂ ਵਿੱਚ ਬਹੁ ਗਿਣਤੀ ਸਿੱਖ ਭਾਈਚਾਰੇ ਨਾਲ ਸਬੰਧਤ ਲੋਕਾਂ ਦੀ ਹੈ ।

ਨੈਨਸੀ ਗਰੇਵਾਲ ਜਿਹੋ ਜਿਹੀ ਹੈਗੀ ਸੀ ਉਹ ਸਾਰੇ ਲੋਕਾਂ ਨੂੰ ਪਤਾ ਹੈ ਪਰ ਅਸੀਂ ਕਿਉਂ ਅੱਡੀਆਂ ਚੁੱਕ ਚੁੱਕ ਕੇ ਫਾਹਾ ਲੈ ਰਹੇ ਹਾਂ ਅਤੇ ਆ "ਬੈਲ ਮੁਝੇ ਮਾਰ" ਕਹਿ ਰਹੇ ਹਾਂ ਆਖ਼ਰ ਸਾਡੀ ਮਾਨਸਿਕਤਾ ਇਹੋ ਜਿਹੀ ਕਿਓਂ ਹੈ?

ਮੇਰਾ ਪਿੰਡ ਪਾਕਿਸਤਾਨ ਦੀ ਸਰਹੱਦ 'ਤੇ ਵੱਸਿਆ ਹੋਇਆ ਹੈ। ਕਰੀਬ 50 ਸਾਲ ਪਹਿਲਾਂ ਦੋਵਾਂ ਦੇਸ਼ਾਂ ਦੇ ਸਮਗਲਰਾਂ ਵੱਲੋਂ ਵੱਡੀ ਪੱਧਰ 'ਤੇ ਸਮਗਲਿੰਗ ਕੀਤੀ ਜਾਂਦੀ ਸੀ। ਜਿਹੜੇ ਲੋਕ ਤਾਂ ਇਹ ਕੰਮ ਕਰਦੇ ਸਨ ਉਹ ਛੁਪ-ਛੁਪਾ ਕੇ ਖਮੋਸ਼ੀ ਨਾਲ ਆਪਣਾ ਕੰਮ ਕਾਰ ਕਰੀ ਜਾਂਦੇ ਸਨ ਪਰ ਕਈ ਲੋਕ ਮੱਥੇ 'ਤੇ ਚੰਨ ਤਾਰਾ ਖੁਣਵਾ ਕੇ, ਨੀਵੇਂ ਝੱਗੇ ਤੇ ਧੂਣੀ ਚਾਦਰ ਬੰਨ੍ਹ ਕੇ ਪਿੰਡ ਦੀਆਂ ਸੱਥਾਂ ਵਿੱਚ ਆਖਦੇ ਹੁੰਦੇ ਸਨ ' ਰਾਤੀਂ ਬਾਡਰ ਟੱਪੇ ਸਾਂ, ਸਾਰੇ ਲੀੜੇ ਤ੍ਰੇਲ ਨਾਲ ਭਿੱਜ ਗਏ ਨੇ! ' ਉਨ੍ਹਾਂ ਦੀ ਇਹ ਗੱਲ ਸੁਣ ਕੇ ਪੁਲਿਸ ਦਾ ਕੋਈ ਮੁਖਬਰ ਖਾਲੜੇ ਥਾਣੇ ਜਾ ਦੱਸਦਾ ਹੁੰਦਾ ਸੀ ਅਤੇ ਪੁਲਿਸ ਪੰਦਰੀ ਦੇ ਕਾਗਜ਼ ਬਣਾ ਕੇ ਉਨ੍ਹਾਂ ਨੂੰ ਅੰਮ੍ਰਿਤਸਰ ਛੱਡ ਆਉਂਦੀ ਸੀ ਜਿੱਥੇ ਉਹ ਪੰਦਰਾਂ ਦਿਨ ਪੁਲਿਸ ਦੀ ਬੇਤਹਾਸ਼ਾ ਕੁੱਟ ਖਾਂਦੇ ਰਹਿੰਦੇ ਸਨ।

ਅਜੀਤ ਅਖ਼ਬਾਰ ਦੇ ਮੁਖੀ ਸ੍ਰ ਬਰਜਿੰਦਰ ਸਿੰਘ ਹਮਦਰਦ ਦਸਦੇ ਹਨ ਕਿ ਜਦੋਂ ਰਜੀਵ ਗਾਂਧੀ ਦੀ ਹੱਤਿਆ ਹੋਈ ਤਾਂ ਪੰਜਾਬ ਦੀਆਂ ਕਈ ਖਾੜਕੂ ਜਥੇਬੰਦੀਆਂ ਨੇ ਉਨ੍ਹਾਂ ਨੂੰ ਫੋਨ ਕਰਕੇ ਆਖਿਆ ਕਿ ਰਜੀਵ ਗਾਂਧੀ ਦੀ ਹੱਤਿਆ ਉਨ੍ਹਾਂ ਨੇ ਕੀਤੀ ਹੈ ਅਤੇ ਉਹ ਇਸਦੀ ਜ਼ਿੰਮੇਵਾਰੀ ਲੈਂਦੇ ਹਨ ਪਰ ਸ੍ਰ ਹਮਦਰਦ ਹੁਰਾਂ ਨੇ ਸਿਆਣਪ ਤੋਂ ਕੰਮ ਲਿਆ ਅਤੇ ਰਜੀਵ ਗਾਂਧੀ ਦੇ ਕਤਲ ਦੀ ਜ਼ਿੰਮੇਵਾਰੀ ਲੈਣ ਵਾਲੀਆਂ ਜਥੇਬੰਦੀਆਂ ਨੂੰ ਆਨੇ ਬਹਾਨੇ ਟਾਲਦੇ ਰਹੇ ਕਿਉਂਕਿ ਉਹ ਸਮਝਦੇ ਸਨ ਕਿ ਜੇਕਰ ਪੰਜਾਬ ਦੀ ਕਿਸੇ ਵੀ ਖਾੜਕੂ ਜਥੇਬੰਦੀ ਵੱਲੋਂ ਇਸ ਹੱਤਿਆ ਦੀ ਜ਼ਿੰਮੇਵਾਰੀ ਲੈਣ ਦੀ ਖ਼ਬਰ ਛਾਇਆ ਹੋ ਗਈ ਤਾਂ ਦੇਸ਼ ਭਰ ਵਿੱਚ ਫੇਰ ਤੋਂ ਸਿੱਖਾਂ ਵਿਰੁੱਧ ਨਫ਼ਰਤ ਫੈਲ ਜਾਵੇਗੀ ਅਤੇ ਹੋ ਸਕਦਾ ਹੈ ਕਿ ਦਿੱਲੀ ਦੰਗਿਆਂ ਵਾਂਗੂ ਸਿੱਖ ਭਾਈਚਾਰੇ ਨੂੰ ਫਿਰ ਤੋਂ ਘੋਰ ਸੰਤਾਪ ਭੋਗਣਾ ਪਵੇ। ਇਸ ਲਈ ਉਨ੍ਹਾਂ ਨੇ ਕਿਸੇ ਵੀ ਖਾੜਕੂ ਜਥੇਬੰਦੀ ਵੱਲੋਂ ਲਈ ਗਈ ਜ਼ਿੰਮੇਵਾਰੀ ਨੂੰ ਆਪਣੀ ਅਖ਼ਬਾਰ ਵਿੱਚ ਨਹੀਂ ਛਾਪਿਆ ਜਿਸ ਨਾਲ ਪੰਜਾਬ ਤੋਂ ਬਾਹਰ ਵੱਸਦੇ ਸਿੱਖ ਭਾਈਚਾਰੇ ਦੇ ਅਨੇਕਾਂ ਲੋਕ ਅਣਕਿਆਸੀ ਤ੍ਰਸਾਦੀ ਤੋਂ ਬਚ ਗਏ ਸਨ।

ਨੈਨਸੀ ਗਰੇਵਾਲ ਦੀ ਹੱਤਿਆ ਕਰਨ ਦੀ ਜ਼ਿੰਮੇਵਾਰੀ ਲੈਣ ਵਾਲੇ ਸਿੱਖ ਭਾਈਚਾਰੇ ਨਾਲ ਸਬੰਧਤ ਲੋਕਾਂ ਨੂੰ ਇਹ ਵਿਚਾਰ ਵੀ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਵੱਲੋਂ ਕਿਸੇ ਔਰਤ ਦੇ ਕਤਲ ਦੀ ਲਈ ਗਈ ਜ਼ਿੰਮੇਵਾਰੀ ਸਿੱਖ ਫ਼ਲਸਫ਼ੇ ਦੇ ਬਿਲਕੁਲ ਉਲਟ ਹੈ। ਇਸ ਨਾਲ ਸਿੱਖੀ ਦੀ ਮੂਲ ਭਾਵਨਾ ਨੂੰ ਸੱਟ ਵੱਜਦੀ ਹੈ।

ਲੇਖਕ : ਬਰਕਤ ਸਿੰਘ ਵੋਹਰਾ,
ਪ੍ਰਧਾਨ ਸਾਹਿਤ ਸਭਾ ਪੱਟੀ,ਤਰਨ ਤਾਰਨ।


# ਸਾਵਧਾਨ (ਜਾਇਦਾਦ ਦੀ ਵਸੀਯਤ ਬੇਫਿਕਰੀ ,ਥਾਂ ਤੁਹਾਡੀ ਮੌਤ ਦਾ ਸਮਾਨ ਵੀ ,ਹੋ ਸਕਦੀ ਆ,ਢਿੱਡੋਂ ਜੰਮੀ ਲਾਲਚੀ ,ਸੰਤਾਨ ਵੀ ਹੋ ਸਕਦੀ ਆ!)



ਸਾਵਧਾਨ
ਜਾਇਦਾਦ ਦੀ ਵਸੀਯਤ ਬੇਫਿਕਰੀ
ਥਾਂ ਤੁਹਾਡੀ ਮੌਤ ਦਾ ਸਮਾਨ ਵੀ
ਹੋ ਸਕਦੀ ਆ,ਢਿੱਡੋਂ ਜੰਮੀ ਲਾਲਚੀ
ਸੰਤਾਨ ਵੀ ਹੋ ਸਕਦੀ ਆ!
ਕਲਯੁੱਗ ਦੇ ਇਸ ਦੌਰ ਵਿੱਚ ਭਰੋਸੇ
ਨਾਮ ਦੀ ਕੋਈ ਚੀਜ ਨ੍ਹੀ,ਆਪਣੀ
ਔਲਾਦ ਦੁਸ਼ਮਣਾਂ ਸਮਾਨ ਵੀ ਹੋ
ਸਕਦੀ ਆ !
ਜਰੂਰਤ ਹੋਣ ਤੱਕ ਹੁੰਦੀ ਰਹੇਗੀ
ਪਹਿਰਵਾਹੀ ਪੂਰੀ,ਲੇਕਿਨ ਇਹ
ਮੁਕਦਿਆਂ ਸਾਰ ਪ੍ਰਸਤਿ ਮਨਾ ਚ
ਘਟਿਆ ਅਚਾਨਕ ਸਮਮਾਨ ਵੀ
ਹੋ ਸਕਦੀ ਆ !
ਬਿਮਾਰੀਆਂ ਸਿਰਫ ਲੱਗਦੀਆਂ
ਨਈਂ,ਹੌਸਲੇ ਸਵਾਹ ਕਰ ਲਾਈਆਂ
ਜਾ ਸਕਦੀਆਂ,
ਖਿਆਲਾਂ ਚ ਦਿਨ-ਰਾਤ ਘੁੰਮਦੀ
ਸੀੜ੍ਹੀ, ਸਹਿਜੇ ਇੱਕ ਦਿਨ ਲਾਸ਼
ਸਣੇ ਸ਼ਮਸ਼ਾਨ ਵੀ ਹੋ ਸਕਦੀ ਆ!
ਹਾਥੀ ਦੰਦ ਖਾਣ ਦੇ ਹੋਰ ਦਿਖਾਣ
ਦੇ ਜਿਵੇਂ ਹੋਰ ਹੁੰਦੇ,ਥੋਨੂੰ ਸਾਂਭਣ ਵਾਲੇ
ਦੀ ਵਿਰਤੀ ਦੇਵ ਥਾਂ
ਸੈਤਾਨ ਵੀ ਹੋ ਸਕਦੀ ਆ !
ਰਣਜੀਤ ਪਿੱਛੋਂ ਕੀਤੇ ਪਿੱਟ-ਸਿਆਪੇ
ਕੰਮ ਕਿਸੇ ਆਉਂਦੇ ਨ੍ਹੀ,ਸਮਾਂ
ਰਹਿੰਦੇ ਹੀ ਟਾਲੀ ਗਈ ਮੁਸੀਬਤ
ਕਿ ਮਕਾਣ ਵੀ ਹੋ ਸਕਦੀ ਆ !
ਜਲਦਬਾਜੀ ਜਾਂ ਕਿਸੇ ਦੇ ਦਵਾਬ ਹੇਠ
ਆ ਕੀਤੀ ਖਾਨਦਾਨੀ ਜਾਇਦਾਦ
ਦੀ ਵਸੀਯਤ
ਤੁਹਾਡੀ ਆਪਣੀ ਹੀ ਮੌਤ ਦਾ ਸਮਾਨ
ਵੀ ਹੋ ਸਕਦੀ ਆ !
Be Careful ਇਹ ਦੁਨੀਆ ਮਤਲਬ
ਦੀ ,ਇੱਥੇ ਕੋਈ ਨਾ ਕਿਸੇ ਦਾ ਦਰਦ...!!

ਲੇਖਕ : ਰਣਜੀਤ ਕੌਰ ਟੁਰਾਂਟੋ।

# ਮੈਂ ਇੱਕ ਨਗਰ ਵਿੱਚ ਸੀ। ਉਸ ਨਗਰ ਦੇ ਕੁਲੈਕਟਰ ਨੇ ਮੈਨੂੰ ਫੋਨ ਕੀਤਾ ਅਤੇ ਕਿਹਾ ਕਿ ਮੈਂ ਆਪਣੀ ਮਾਂ ਨੂੰ ਵੀ ਚਾਹੁੰਦਾ ਹਾਂ ਕਿ ਤੁਹਾਨੂੰ ਸੁਣਨ ਲਈ ਲਿਆਵਾਂ



ਮੈਂ ਇੱਕ ਨਗਰ ਵਿੱਚ ਸੀ। ਉਸ ਨਗਰ ਦੇ ਕੁਲੈਕਟਰ ਨੇ ਮੈਨੂੰ ਫੋਨ ਕੀਤਾ ਅਤੇ ਕਿਹਾ ਕਿ ਮੈਂ ਆਪਣੀ ਮਾਂ ਨੂੰ ਵੀ ਚਾਹੁੰਦਾ ਹਾਂ ਕਿ ਤੁਹਾਨੂੰ ਸੁਣਨ ਲਈ ਲਿਆਵਾਂ ਪਰ ਮੇਰੀ ਮਾਂ ਦੀ ਉਮਰ ਨੱਬੇ ਦੇ ਨੇੜੇ ਪਹੁੰਚ ਗਈ ਹੈ ਅਤੇ ਮੈਂ ਆਪਣੀ ਮਾਂ ਤੋਂ ਜਾਣੂ ਹਾਂ, ਇਸ ਲਈ ਮੈਂ ਡਰਦਾ ਹਾਂ ਕਿ ਇਸ ਬੁੱਢੀ ਔਰਤ ਨੂੰ ਲੈ ਕੇ ਆਉਣਾ ਚਾਹੀਦਾ ਹੈ ਜਾਂ ਨਹੀਂ। ਕਿਉਂਕਿ ਉਹ ਤਾਂ ਚੌਵੀ ਘੰਟੇ ਮਾਲਾ ਜੱਪਦੀ ਰਹਿੰਦੀ ਹੈ, ਰਾਮ-ਰਾਮ ਜੱਪਦੀ ਰਹਿੰਦੀ ਹੈ। ਸੌਂਦੀ ਹੈ ਤਾਂ ਵੀ ਹੱਥ ਵਿੱਚ ਮਾਲਾ ਲੈ ਕੇ ਹੀ ਸੌਂਦੀ ਹੈ। ਤੀਹ ਸਾਲਾਂ ਤੋਂ ਇਹ ਨਿਰੰਤਰ ਚੱਲ ਰਿਹਾ ਹੈ, ਇਸ ਲਈ ਮੈਂ ਡਰਦਾ ਹਾਂ ਇਸ ਬੁਢਾਪੇ ਵਿੱਚ, ਤੁਹਾਡੀਆਂ ਗੱਲਾਂ ਸੁਣ ਕੇ ਕਿਤੇ ਉਸਨੂੰ ਝਟਕਾ ਅਤੇ ਚੋਟ ਨਾ ਲੱਗ ਜਾਵੇ, ਕਿਤੇ ਉਹ ਵਿਚਲਤ ਨਾ ਹੋ ਜਾਵੇ ਬੇਲੋੜਾ ਹੀ ਅਤੇ ਅਸ਼ਾਂਤ ਨਾ ਹੋ ਜਾਵੇ ਤਾਂ ਮੈਂ ਲਿਆਵਾਂ ਜਾਂ ਨਾ ਲਿਆਵਾਂ? ਉਸਦੀ ਉਮਰ ਨੱਬੇ ਸਾਲ ਹੈ।

ਮੈਂ ਉਨ੍ਹਾਂ ਨੂੰ ਕਿਹਾ, ਜੇਕਰ ਉਮਰ ਕੁਝ ਘੱਟ ਹੁੰਦੀ ਤਾਂ ਮੈਂ ਕਹਿੰਦਾ, “ਦੁਬਾਰਾ ਆਵਾਂਗਾ ਉਦੋਂ ਲੈ ਆਉਣਾ। ਉਮਰ ਨੱਬੇ ਸਾਲ ਹੈ ਇਸ ਲਈ ਲੈ ਹੀ ਆਓ ਕਿਉਂਕਿ ਦੁਬਾਰਾ ਮਿਲਣਾ ਹੋ ਸਕੇ ਇਸਦਾ ਕੋਈ ਪੱਕਾ ਭਰੋਸਾ ਨਹੀਂ।

ਉਹ ਆਪਣੀ ਮਾਂ ਨੂੰ ਲੈ ਕੇ ਆਏ। ਮੈਂ ਦੇਖਿਆ ਉਨ੍ਹਾਂ ਦੀ ਮਾਂ ਮਾਲਾ ਲੈ ਕੇ ਹੀ ਆਈ ਹੋਈ ਸੀ। ਹੱਥ ਵਿੱਚ ਮਾਲਾ, ਚੱਲਦੀ ਹੀ ਰਹਿੰਦੀ ਹੈ। ਪ੍ਰਵਚਨ ਸੁਣਨ ਤੋਂ ਬਾਅਦ, ਉਹ ਚਲੇ ਗਏ। ਅਗਲੇ ਦਿਨ ਆਏ ਅਤੇ ਮੈਨੂੰ ਕਹਿਣ ਲੱਗੇ, "ਮੈਂ ਬਹੁਤ ਹੈਰਾਨ ਹਾਂ। ਤੁਸੀਂ ਤਾਂ ਅਜਿਹੀਆਂ ਗੱਲਾਂ ਕਹੀਆਂ ਕਿ ਮੈਨੂੰ ਲੱਗਾ ਜਿਵੇਂ ਸਭ ਮੇਰੀ ਮਾਂ ਨੂੰ ਜਾਣਬੁੱਝ ਕੇ ਹੀ ਤੁਸੀਂ ਕਹਿ ਰਹੇ ਹੋ। ਮੈਨੂੰ ਲੱਗਾ ਕਿ ਮੇਰੇ ਕੋਲੋਂ ਗ਼ਲਤੀ ਹੋ ਗਈ ਜੋ ਮੈਂ ਤੁਹਾਨੂੰ ਦੱਸ ਕੇ ਆਪਣੀ ਮਾਂ ਨੂੰ ਲਿਆਇਆ। ਤੁਸੀਂ ਤਾਂ ਜਿਵੇਂ ਮੇਰੀ ਮਾਂ ਨੂੰ ਹੀ ਸਾਰੀਆਂ ਗੱਲਾਂ ਕਹਿ ਰਹੇ ਹੋਵੋ, ਇੰਝ ਮੈਨੂੰ ਲੱਗਿਆ। ਅਤੇ ਮੈਂ ਬਹੁਤ ਡਰਿਆ ਹੋਇਆ ਸੀ। ਵਾਪਸ ਜਾਂਦਿਆਂ ਕਾਰ ਵਿੱਚ, ਮੈਂ ਆਪਣੀ ਮਾਂ ਨੂੰ ਪੁੱਛਿਆ ਕਿ ਤੁਹਾਡੇ ਮਨ ਨੂੰ ਸੱਟ ਤਾਂ ਨਹੀਂ ਲੱਗੀ, ਤੁਹਾਨੂੰ ਕੁਝ ਬੁਰਾ ਤਾਂ ਨਹੀਂ ਲੱਗਿਆ।

ਮਾਂ ਕਹਿਣ ਲੱਗੀ, "ਬੁਰਾ ਲੱਗਾ? ਸੱਟ ਲੱਗੀ? ਉਨ੍ਹਾਂ ਨੇ ਕਿਹਾ, ਮਾਲਾ ਨਾਲ ਕੁਝ ਵੀ ਨਹੀਂ ਹੋਵੇਗਾ, ਮੈਨੂੰ ਇਹ ਗੱਲ ਬਿਲਕੁਲ ਸਹੀ ਲੱਗੀ, ਤੀਹ ਸਾਲਾਂ ਦਾ ਮੇਰਾ ਅਨੁਭਵ ਵੀ ਇਹੀ ਕਹਿੰਦਾ ਹੈ ਕਿ ਕੁਝ ਵੀ ਨਹੀਂ ਹੋਇਆ, ਮੈਂ ਮਾਲਾ ਉੱਥੇ ਹੀ ਛੱਡ ਆਈ ਹਾਂ।"

ਇੰਨੀ ਹਿੰਮਤ। ਤਾਂ ਮੈਂ ਉਨ੍ਹਾਂ ਨੂੰ ਕਿਹਾ, "ਤੁਹਡੀ ਮਾਂ ਤੁਹਾਡੇ ਨਾਲੋਂ ਜ਼ਿਆਦਾ ਜਵਾਨ ਹੈ। ਹਿੰਮਤ ਇਨਸਾਨ ਨੂੰ ਜਵਾਨ ਬਣਾਉਂਦੀ ਹੈ। ਛੱਡਣ ਦੀ ਸਾਡੇ ਵਿੱਚ ਜ਼ਰਾ ਵੀ ਹਿੰਮਤ ਨਹੀਂ ਹੈ ਇਸੇ ਲਈ ਅਸੀਂ ਫਸੇ ਖੜ੍ਹੇ ਰਹਿ ਜਾਂਦੇ ਹਾਂ। ਅਤੇ ਬੇਕਾਰ ਚੀਜ਼ਾਂ, ਵਿਅਰਥ ਗੱਲਾਂ ਨੂੰ ਵੀ ਛੱਡਣ ਦੀ ਹਿੰਮਤ ਨਹੀਂ ਹੈ, ਫਿਰ ਤਾਂ ਬਹੁਤ ਔਖ ਹੋ ਜਾਂਦੀ ਹੈ।”

ਸ਼ੂਨਯਤਾ ਪਾ ਲੈਣਾ ਬਹੁਤੀ ਔਖੀ ਗੱਲ ਨਹੀਂ, ਬਹੁਤ ਸਰਲ ਹੈ, ਆਸਾਨ ਹੈ, ਸਿਰਫ਼ ਹਿੰਮਤ ਚਾਹੀਦੀ ਹੈ।

— ਓਸ਼ੋ 🌸 (ਅਨੁਵਾਦ: ਮੀਤ ਅਨਮੋਲ)

# ਸਿੱਦਕ ਤੇ ਸ਼ੁਕਰਾਨਾ ਸਾਡੇ ਚੇਤਿਆਂ ਚੋਂ ਹੀ ਵਿਸਰ ਗਿਆ



ਮੈਂ ਕਦੇ-ਕਦੇ ਸੋਚਦਾਂ ਕਿ ਦੁਨੀਆ ਤੇ ਏਨੇ ਦੁੱਖ, ਤਕਲੀਫ਼ਾਂ ਅਤੇ ਧੱਕੇ ਆ, ਜਿਸ ਨਾਲ ਗੱਲ ਕਰੋ ਉਹ ਰੋ ਰਿਹਾ, ਜਿਸ ਕੋਲ 2 ਮਿੰਟ ਖਲੋ ਜਾਓ ਪਤਾ ਲਗਦਾ ਕਿ ਏਦਾ ਕਾਰੋਬਾਰ ਬੜਾ ਮੰਦਾ ਚੱਲ ਰਿਹਾ, ਘਰ ਚ ਕਲੇਸ਼ ਬੜੀ ਆ, ਕੁੱਲ ਮਿਲਾ ਕੇ ਹਰ ਪਾਸਿਓਂ ਪ੍ਰੇਸ਼ਾਨੀ ਦੁੱਖ। ਵਿਆਹਿਆ ਕਹਿੰਦਾ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਗ਼ਲਤੀ ਸੀ ਕਿ ਮੈਂ ਵਿਆਹ ਕਰਵਾ ਲਿਆ, ਜਿਸਦਾ ਹੁੰਦਾ ਨਹੀਂ ਓ ਕਹਿੰਦਾ ਮੈਂ ਬੜਾ ਦੁੱਖੀ ਮੇਰਾ ਵਿਆਹ ਨੀ ਹੁੰਦਾ। ਜੇ ਕੋਈ ਨੌਕਰੀ ਕਰਦਾ ਉਹ ਕਹਿੰਦਾ ਨੌਕਰੀ ਕਰਨੀ ਬੜੀ ਔਖੀ ਆ ਆਪਣੇ ਕੰਮ ਦੀ ਮੌਜ ਆ, ਜਿਹੜਾ ਆਪਣਾ ਕੰਮ ਕਰਨ ਡਿਆ ਉਹ ਕਹਿੰਦਾ ਕੋਈ ਜ਼ਿੰਦਗੀ ਨੀ ਦਿਨ ਰਾਤ ਬਸ ਕੰਮ ਕਰਕੇ ਮਰੀ ਜਾਓ ਕਮਾਈ ਓਨੀ ਹੁੰਦੀ ਨੀ। ਜਿਹੜਾ ਪੰਜਾਬ ਬੈਠਾ ਓ ਕਹਿੰਦਾ ਏਥੇ ਕੋਈ ਕੰਮ ਕਰ ਹੋਣੀ ਬਸ ਜ਼ਿੰਦਗੀ ਰੋਲਣ ਈ ਆ, ਬਾਹਰ ਨਜ਼ਾਰੇ ਆ, ਬਾਹਰ ਆਲੇ ਕਹਿੰਦੇ ਭਰਾਵਾਂ ਇੱਥੇ ਨਾ ਆਇਓ ਏਥੇ ਕੱਖ ਨੀ ਆ ਬਸ ਕੰਮ-ਕੰਮ। ਏਥੋਂ ਵਾਲਾ ਕਾਹਲਾ ਕੀਜ਼ਸ ਤਰੀਕੇ ਬਾਹਰ ਅਪੜ ਜਾਵਾਂ, ਤੇ ਬਾਹਰ ਵਾਲੇ ਰੋਣ ਡਏ ਆ ਕਿ ਪੰਜਾਬ ਵਰਗਾ ਕੋਈ ਦੇਸ਼ ਨੀ। ਜੱਟ ਕਹਿੰਦਾ ਜੱਟ ਦੀ ਜੂਨ ਬੁਰੀ ਰਿੜਕ-ਰਿੜਕ ਮਰ ਜਾਣਾ, ਖੇਤੀ ਚੋਂ ਬਚਦਾ ਕੱਖ ਨੀ, ਤੇ ਜਿਹੜਾ ਦਿਹਾੜੀਆਂ ਕਰਦਾ ਓ ਕਹਿੰਦਾ ਜੱਟ ਦੀ ਜ਼ਿੰਦਗੀ ਵਧੀਆ ਅਰਾਮ ਨਾਲ ਮੰਜੇ ਤੇ ਪਿਆ ਆਡਰ ਮਾਰੀ ਜਾਂਦਾ।

ਹੁਣ ਮੈਨੂੰ ਇਹ ਨੀ ਜ਼ਮਝ ਆਉਂਦੀ ਜਦੋਂ ਕਿਸੇ ਨੂੰ ਕੋਈ ਸੁੱਖ ਹੈ ਈ ਤੇ ਸਾਰੀ ਦੁਨੀਆ, ਦਿਨ ਰਾਤ ਪੈਸਾ ਪੈਸਾ ਕਾਹਤੋਂ ਕਰਦੀ ਆ, ਕੱਠੇ ਕੀਦੇ ਲਈ ਕਰ ਰਹੇ ਆ ਲੋਕ ਤੇ ਸਭ ਤੋਂ ਵੱਡੀ ਗੱਲ ਜੀ ਹੀ ਕਾਹਤੋਂ ਰਹੇ ਆਂ। ਲੋਕਾਂ ਨੂੰ ਰੋਣ ਦੀ ਆਦਤ ਪੈ ਗਈ ਆ, ਦੁੱਖੀ ਰਹਿਣਾ ਸਾਡਾ ਸੁਭਾਹ ਬਣ ਗਿਆ, ਕੁੱਝ ਵੀ ਹੋਜੇ ਅਸੀਂ ਕਿਸੇ ਹਾਲ ਚ ਵੀ ਖੁਸ਼ ਨਹੀਂ ਹੋਣਾ, ਬਸ ਹੋਰ ਹੋਰ ਕਰਦੇ ਇਕ ਦਿਨ ਨੇ ਮੋਰ ਹੋ ਜਾਣਾ। ਸਿੱਦਕ ਤੇ ਸ਼ੁਕਰਾਨਾ ਸਾਡੇ ਚੇਤਿਆਂ ਚੋਂ ਹੀ ਵਿਸਰ ਗਿਆ ਸ਼ਾਇਦ ਇਸੇ ਕਰਕੇ ਬਹੁਤ ਕੁੱਝ ਹੁੰਦਿਆਂ ਵੀ ਕੁੱਝ ਨਹੀਂ ਹੈ...

ਸਨਦੀਪ ਸਿੱਧੂ - 9463661542

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਕਿਸਾਨਾਂ ਦੇ ਜਥੇ ਸੀਐਮ ਭਗਵੰਤ ਮਾਨ ਨੂੰ ਸ਼ਾਂਤਮਈ ਸਵਾਲ ਕਰਨ ਲਈ ਅਮਰਕੋਟ ਰੈਲੀ ਵਿੱਚ ਪਹੁੰਚੇ।



**ਚੋਹਲਾ ਸਾਹਿਬ 7 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਪ੍ਰਧਾਨਗੀ ਹੇਠ ਵੱਡੇ ਜਥੇ ਸੀਐਮ ਭਗਵੰਤ ਮਾਨ ਨੂੰ ਸੁਆਲ ਕਰਨ ਲਈ ਅਮਰਕੋਟ ਦਾਣਾ ਮੰਡੀ ਵਿੱਚ ਪਹੁੰਚੇ। ਕਿਸਾਨਾਂ ਨੂੰ ਸੰਬੋਧਿਤ ਕਰਦੇ ਹੋਏ ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ, ਜਰਨੈਲ ਸਿੰਘ ਨੂਰਦੀ ਫਤਿਹ ਸਿੰਘ ਪਿੱਦੀ, ਦਿਆਲ ਸਿੰਘ ਮੀਆਵਿੰਡ, ਹਰਬਿੰਦਰਜੀਤ ਸਿੰਘ ਕੰਗ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਨੂੰ ਮੰਨ ਕੇ ਉਨਾਂ ਮੰਗਾਂ ਨੂੰ ਟਾਲ ਮਟੋਲ ਕਰਨਾ ਅਤੇ ਕਿਸਾਨਾਂ ਨਾਲ ਮੀਟਿੰਗ ਰੱਖ ਕੇ ਤੇ ਬਾਅਦ ਵਿੱਚ ਮੀਟਿੰਗ ਵਿੱਚੋਂ ਸਰਕਾਰ ਦਾ ਗੈਰ ਹਾਜ਼ਰ ਰਹਿਣਾ ਤੇ ਕਿਸਾਨਾਂ ਨੂੰ ਵਿਹਲੜ ਦੱਸਣ ਦੇ ਵਿਰੋਧ ਵਿੱਚ ਕਿਸਾਨ ਜਥੇਬੰਦੀਆਂ ਨੇ ਫੈਸਲਾ ਕੀਤਾ ਜਿੱਥੇ ਵੀ ਸੀਐਮ ਭਗਵੰਤ ਮਾਨ ਦੀ ਰੈਲੀ ਹੋਵੇਗੀ ਉੱਥੇ ਹੀ ਕਿਸਾਨ ਸ਼ਾਂਤਮਈ ਤਰੀਕੇ ਨਾਲ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸਵਾਲ ਪੁੱਛਣ ਜਾਣਗੇ। ਇਸੇ ਹੀ ਤਰਜ ਤੇ ਅੱਜ ਅਮਰਕੋਟ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਉੱਥੇ ਪਹੁੰਚੇ ।ਕਿਸਾਨਾਂ ਦੇ ਰੋਹ ਨੂੰ ਵੇਖਦੇ ਹੋਏ ਵੱਡੀ ਗਿਣਤੀ ਵਿੱਚ ਪੁਲਿਸ ਪ੍ਰਸ਼ਾਸਨ ਬਲ ਲਾਇਆ ਗਿਆ ਅਤੇ ਉੱਥੋਂ ਦੇ ਲੋਕਲ ਐਮਐਲਏ ਸਰਵਣ ਸਿੰਘ ਧੁੰਨ ਵੱਲੋਂ ਕਿਸਾਨਾਂ ਨਾਲ ਮੀਟਿੰਗ ਕਰਕੇ ਕਿਸਾਨਾਂ ਦੇ ਇਕੱਠ ਵਿੱਚ ਆਣ ਕੇ ਕਿਸਾਨਾਂ ਨੂੰ ਵਿਸ਼ਵਾਸ ਦਵਾਇਆ ਕਿ 17 ਮਾਰਚ ਨੂੰ ਸੀਐਮ ਭਗਵੰਤ ਮਾਨ ਖੁਦ ਕਿਸਾਨਾਂ ਨਾਲ ਮੀਟਿੰਗ ਕਰਨਗੇ ਅਤੇ ਕਿਸਾਨਾਂ ਦੇ ਸਾਰੇ ਮਸਲੇ ਹੱਲ ਕੀਤੇ ਜਾਣਗੇ। ਕਿਸਾਨਾਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਬਾਰ—ਬਾਰ ਇਸੇ ਤਰ੍ਹਾਂ ਕਿਸਾਨਾਂ ਨੂੰ ਮੀਟਿੰਗ ਦਾ ਵਿਸ਼ਵਾਸ ਦਵਾ ਕੇ ਦੁਬਾਰਾ ਫੇਰ ਭਗਵੰਤ ਮਾਨ ਭੱਜ ਜਾਂਦਾ ਹੈ । ਕਿਸਾਨਾਂ ਨੇ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਕਿਸਾਨਾਂ ਦੀਆਂ ਮੰਗਾਂ ਸ਼ੰਭੂ ਖਨੌਰੀ ਬਾਰਡਰ ਤੇ ਹੋਏ ਨੁਕਸਾਨ ਦੀ ਸਰਕਾਰ ਭਰਪਾਈ ਕਰੇ ,ਸ਼ਹੀਦਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦਿੱਤੀਆਂ ਜਾਣ ,ਬੀਜ ਐਕਟ ਰੱਦ ਕੀਤਾ ਜਾਵੇ ,ਕਿਸਾਨੀ ਅੰਦੋਲਨ ਦੁਆਰਾ ਹੋਏ ਪਰਚੇ ਰੱਦ ਕੀਤੇ ਜਾਣ ,ਬਿਜਲੀ ਸੋਧ ਬਿਲ ਰੱਦ ਕੀਤਾ ਜਾਵੇ ,ਫੋਰ ਲੇਬਰ ਕੋਟ ਕਾਨੂੰਨ ਰੱਦ ਕੀਤਾ ਜਾਵੇ ਅਤੇ ਪ੍ਰਦੂਸ਼ਣ ਐਕਟ ਵਿੱਚੋਂ ਕਿਸਾਨਾਂ ਨੂੰ ਬਾਹਰ ਕੱਢਿਆ ਜਾਵੇ। ਕਿਸਾਨਾਂ ਨੇ ਕਿਹਾ ਕਿ ਜੇਕਰ ਮੀਟਿੰਗ ਵਿੱਚ ਇਹਨਾਂ ਮਸਲਿਆਂ ਨੂੰ ਹੱਲ ਨਹੀਂ ਕੀਤਾ ਜਾਂਦਾ ਤਾਂ 19 ਤਰੀਕ ਨੂੰ ਅੰਮ੍ਰਿਤਸਰ ਵਿਖੇ ਸਰਕਾਰ ਖਿਲਾਫ ਵੱਡਾ ਮੋਰਚਾ ਖੋਲਿਆ ਜਾਵੇਗਾ ਅਤੇ ਤਿੱਖਾ ਸੰਘਰਸ਼ ਵਿੱਢਿਆ ਜਾਏਗਾ। ਇਸ ਮੌਕੇ ਸੁਲਵਿੰਦਰ ਸਿੰਘ ਜੀਉਬਾਲਾ, ਪਰਮਜੀਤ ਸਿੰਘ ਛੀਨਾ, ਕੁਲਵਿੰਦਰ ਸਿੰਘ ਕੈਰੋਵਾਲ, ਇਕਬਾਲ ਸਿੰਘ ਵੜਿੰਗ, ਆਤਮਾ ਸਿੰਘ ਘਰਿਆਲੀ, ਸੁਖਚੈਨ ਸਿੰਘ ਅੱਲੋਵਾਲ, ਮੇਹਰ ਸਿੰਘ ਤਲਵੰਡੀ, ਮੁਖਤਾਰ ਸਿੰਘ ਬਹਿਰੀਪੁਰ, ਮਨਜੀਤ ਸਿੰਘ ਕਰਮੂਵਾਲਾ, ਕੁਲਵੰਤ ਸਿੰਘ ਭੈਲ, ਕੁਲਵੰਤ ਸਿੰਘ ਢੋਟੀਆਂ, ਸੁਰਿੰਦਰ ਸਿੰਘ ਦੁਗਲਵਾਲਾ, ਗੁਰਭੇਜ ਸਿੰਘ ਧਾਰੀਵਾਲ, ਦਿਲਬਾਗ ਸਿੰਘ ਪਹੂਵਿੰਡ, ਨਿਰੰਜਨ ਸਿੰਘ ਬਗਰਾੜੀ, ਸਰਵਨ ਸਿੰਘ ਵਲੀਪੁਰ, ਮਨਜਿੰਦਰ ਸਿੰਘ ਗੋਹਲਵੜ ਆਦਿ ਆਗੂ ਹਾਜ਼ਰ ਸਨ।

## ਪਿੰਡ ਸਠਿਆਲਾ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਹੋਈ ਬੇਅਦਬੀ ਦੀ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੀਤੀ ਸਖ਼ਤ ਨਿੰਦਾ



**ਚੋਹਲਾ ਸਾਹਿਬ 7 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਾਬਾ ਬਕਾਲਾ ਸਾਹਿਬ ਨੇੜਲੇ ਪਿੰਡ ਸਠਿਆਲਾ ਸਥਿਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਹੋਈ ਬੇਅਦਬੀ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਲਗਾਤਾਰ ਵਾਪਰ ਰਹੀਆਂ ਬੇਅਦਬੀਆਂ ਦੀ ਘਟਨਾਵਾਂ 'ਤੇ ਚਿੰਤਾ ਜ਼ਾਹਰ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਵਿਚ ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਲਗਾਤਾਰ ਵਾਪਰਨਾ ਵੱਡੀ ਸਾਜਿਸ਼ ਹੈ, ਜਿਸ ਦੇ ਦੋਸ਼ੀਆਂ ਨੂੰ ਸਾਹਮਣੇ ਲਿਆਉਣਾ ਸਰਕਾਰ ਦੀ ਜ਼ੁੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਮਨੁੱਖ ਨੂੰ ਜੀਵਨ ਦਾ ਰਾਹ ਦਰਸਾਉਣ ਵਾਲੀ ਗੁਰਬਾਣੀ ਦੀ ਬੇਅਦਬੀ ਦੀਆਂ ਅਜਿਹੀਆਂ ਘਟਨਾਵਾਂ ਵਾਪਰਨ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰਬਾਣੀ ਦੀ ਬੇਅਦਬੀ ਕਰਨ ਵਾਲਿਆਂ ਲਈ ਸਖ਼ਤ ਸਜ਼ਾ ਦਾ ਪ੍ਰਬੰਧ ਹੋਣਾ ਜ਼ਰੂਰੀ ਹੈ, ਜਿਸ ਦੀ ਸਿੱਖ ਸੰਗਤਾਂ ਵੱਲੋਂ ਲੰਮੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ। ਸਰਕਾਰਾਂ ਵੱਲੋਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਨਾ ਹੋਣ ਕਾਰਨ ਅਜਿਹੇ ਅਨਸਰਾਂ ਦੇ ਹੌਸਲੇ ਹੋਰ ਵੱਧ ਰਹੇ ਹਨ। ਐਡਵੋਕੇਟ ਧਾਮੀ ਨੇ ਸਰਕਾਰ ਨੂੰ ਆਖਿਆ ਕਿ ਬੇਅਦਬੀ ਦੇ ਦੋਸ਼ੀਆਂ ਦਾ ਪਤਾ ਲਗਾ ਕੇ ਉਨ੍ਹਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਗੁਰਦੁਆਰਾ ਸਾਹਿਬਾਨ ਅੰਦਰ ਪਹਿਰੇਦਾਰੀ ਲਾਜ਼ਮੀ ਬਨਾਉਣ, ਤਾਂ ਜੋ ਅਜਿਹੀਆਂ ਘਟਨਾਵਾਂ ਨਾ ਵਾਪਰਨ।

## ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਚੌਹਲਾ ਸਾਹਿਬ ਵਿਖੇ ਤਕਰੀਬਨ 26 ਲੋੜਵੰਦ ਵਿਦਿਆਰਥੀਆਂ ਨੂੰ ਸਾਈਕਲ ਵੰਡੇ ਗਏ ਹਨ।




**ਚੋਹਲਾ ਸਾਹਿਬ 7 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਅਤੇ ਹਲਕਾ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਜਥੇਦਾਰ ਸਤਨਾਮ ਸਿੰਘ ਸੱਤਾ ਬਲਾਕ ਸੰਮਤੀ ਮੈਂਬਰ ਵੱਲੋਂ ਭੁਪਿੰਦਰ ਸਿੰਘ (ਯੂ.ਐਸ.ਏ) ਅਤੇ ਸਿੱਖ ਸਟੂਡੈਂਟ ਐਸੋਸੀਏਸ਼ਨ ਕੈਲੀਫੋਰਨੀਆ ਯੂਨੀਵਰਸਿਟੀ ਸਟੇਟ ਸੈਕਰਾਮੈਂਟ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਉਨਾਂ ਦੱਸਿਆ ਕਿ ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਚੌਹਲਾ ਸਾਹਿਬ ਵਿਖੇ ਤਕਰੀਬਨ 26 ਲੋੜਵੰਦ ਵਿਦਿਆਰਥੀਆਂ ਨੂੰ ਸਾਈਕਲ ਵੰਡੇ ਗਏ ਹਨ। ਇਹ ਸਹੂਲਤ ਭੁਪਿੰਦਰ ਸਿੰਘ (ਯੂ.ਐਸ.ਏ) ਅਤੇ ਸਿੱਖ ਸਟੂਡੈਂਟ ਐਸੋਸੀਏਸ਼ਨ ਵੱਲੋਂ ਆਪਣੀ ਕਿਰਤ—ਕਮਾਈ ਵਿੱਚੋਂ ਦਸਵੰਧ ਦੇ ਰੂਪ ਵਿੱਚ ਪ੍ਰਦਾਨ ਕੀਤੀ ਗਈ ਹੈ।ਬ੍ਰਹਮਪੁਰਾ ਅਤੇ ਸਤਨਾਮ ਸਿੰਘ ਸੱਤਾ ਨੇ ਕਿਹਾ ਕਿ ਵਿਦਿਆਰਥੀਆਂ ਦੀ ਸਿੱਖਿਆ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਇਸ ਤਰ੍ਹਾਂ ਦੇ ਉਪਰਾਲੇ ਬਹੁਤ ਹੀ ਸਰਾਹਣਯੋਗ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਕਈ ਬੱਚੇ ਦੂਰ—ਦਰਾਜ਼ ਇਲਾਕਿਆਂ ਤੋਂ ਪੜ੍ਹਨ ਲਈ ਆਉਂਦੇ ਹਨ ਅਤੇ ਸਾਈਕਲ ਮਿਲਣ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਉਹ ਸਮੇਂ ਸਿਰ ਸਕੂਲ ਪਹੁੰਚ ਸਕਣਗੇ।ਉਨ੍ਹਾਂ ਕਿਹਾ ਕਿ ਤਕਰੀਬਨ 100 ਲੋੜਵੰਦ ਵਿਦਿਆਰਥੀਆਂ ਨੂੰ ਸਾਈਕਲ ਵੰਡੇ ਜਾਣਗੇ। ਇਸ ਮੌਕੇ ਉਨ੍ਹਾਂ ਭੁਪਿੰਦਰ ਸਿੰਘ (ਯੂ.ਐਸ.ਏ), ਸਿੱਖ ਸਟੂਡੈਂਟ ਐਸੋਸੀਏਸ਼ਨ ਕੈਲੀਫੋਰਨੀਆ ਯੂਨੀਵਰਸਿਟੀ ਸਟੇਟ ਸੈਕਰਾਮੈਂਟ ਅਤੇ ਉਨ੍ਹਾਂ ਦੇ ਸਾਥੀਆਂ ਦਾ ਹਾਰਦਿਕ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਮਾਜਿਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਇਸ ਤਰ੍ਹਾਂ ਦੇ ਉਪਰਾਲੇ ਹੋਰ ਲੋਕਾਂ ਲਈ ਵੀ ਪ੍ਰੇਰਣਾ ਸਾਬਤ ਹੁੰਦੇ ਹਨ।ਇਸ ਮੌਕੇ ਸਾਬਕਾ ਸਰਪੰਚ ਅਮਰੀਕ ਸਿੰਘ (ਚੌਹਲਾ ਸਾਹਿਬ),ਹਰਜਿੰਦਰ ਸਿੰਘ ਬਾਦਸ਼ਾਹ, ਸੁੱਖਦੇਵ ਸਿੰਘ ਆੜ੍ਹਤੀਆ ,ਬੀ ਸੀ ਪ੍ਰਧਾਨ ਮਨਜਿੰਦਰ ਸਿੰਘ ਲਾਟੀ,ਡਾਕਟਰ ਜਤਿੰਦਰ ਸਿੰਘ ਮੈਡੀਕਲ ਸਟੋਰ ਵਾਲੇ,ਅਵਤਾਰ ਸਿੰਘ ਰੈਮਡ ਸਟੋਰ ਵਾਲੇ,ਸਰਪੰਚ ਦਲਬੀਰ ਸਿੰਘ,ਸੂਬੇਦਾਰ ਹਰਬੰਸ ਸਿੰਘ,ਸੂਬੇਦਾਰ ਸੁਰਜੀਤ ਸਿੰਘ,ਪ੍ਰਧਾਨ ਦਿਲਬਰ ਸਿੰਘ,ਕਾਕੂ ਪੀਏ ਜਥੇਦਾਰ ਸਤਨਾਮ ਸਿੰਘ,ਜਗਰੂਪ ਸਿੰਘ ਪ੍ਰਧਾਨ ਪੱਖੋਪੁਰ,ਗੁਰਜੀਤ ਸਿੰਘ ਟੈਂਟ ਹਾਊਸ,ਸੈਕਟਰੀ,ਕੁਰਿੰਦਰ ਸਿੰਘ ਚੌਹਲਾ ਖ਼ੁਰਦ ਸਮੇਤ ਹੋਰ ਸਕੂਲ ਸਟਾਫ਼ ਮੈਂਬਰ ਵੀ ਮੌਜੂਦ ਸਨ।

## ਪੰਜਾਬ ਪੁਲਿਸ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਮੰਗਾਂ ਨੂੰ ਲੈਕੇ ਮੀਟਿੰਗ ਹੋਈ।



**ਚੋਹਲਾ ਸਾਹਿਬ 7 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਬੀਤੇ ਦਿਨੀਂ ਪੰਜਾਬ ਪੁਲਿਸ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਸੰਧੂ ਗਰੁੱਪ) ਤਰਨ ਤਾਰਨ ਦੀ ਇੱਕ ਮੀਟਿੰਗ ਹਰਭਜਨ ਸਿੰਘ ਸੰਧੂ ਡੀ.ਐਸ.ਪੀ. ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੰਚ ਸਭ ਤੋਂ ਪਹਿਲਾਂ ਨਵੇਂ ਰਿਟਾਇਰ ਹੋਏ ਪੁਲਿਸ ਅਫਸਰ ਜਿੰਨਾਂ ਵਿੱਚ ਏ ਐਸ ਆਈ ਪ੍ਰਭ ਸਿੰਘ ਉਸਮਾਂ,ਏ ਐਸ ਆਈ ਗੁਰਮੀਤ ਸਿੰਘ ਫੈਲੋਕੇ ਸਭਰਾ,ਏ ਐਸ ਆਈ ਹਰਪਾਲ ਸਿੰਘ ਠੱਟਾ,ਏ ਐਸ ਆਈ ਗੁਰਦਿਆਲ ਸਿੰਘ ਮਰਗਿੰਦਪੁਰਾ, ਅਵਤਾਰ ਸਿੰਘ ਬਤਾਲਾ, ਏ ਐਸ ਆਈ ਕੁਲਵੰਤ ਸਿੰਘ ਚੋਹਲਾ ਸਾਹਿਬ,ਏ ਐਸ ਆਈ ਕੁਲਵਿੰਦਰ ਸਿੰਘ ਫਤਿਹਗੜ ਚੂੜੀਆਂ,ਏ ਐਸ ਆਈ ਕੰਵਲਜੀਤ ਸਿੰਘ ਕੁੜੀ ਵਲਾਹ,ਏ ਐਸ ਆਈ ਪਰਮਜੀਤ ਸਿੰਘ ਤੁੜ, ਏ ਐਸ ਆਈ ਗੁਵਿੰਦਰ ਸਿੰਘਸ ਤੁੰਗ,ਏ ਐਸ ਆਈ ਦਿਲਬਾਗ ਸਿੰਘ ਉਬੋਕੇ,ਏ ਐਸ ਆਈ ਸੁਖਵਿੰਦਰ ਸਿੰਘ ,ਏ ਐਸ ਆਈ ਗੁਰਦਿਆਲ ਸਿੰਘ ਬਾਣੀਆਂ,ਏ ਐਸ ਆਈ ਪਰਤਾਪ ਸਿੰਘ ਮਾਣਕਪੁਰਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਚਿੰਨ ਦੇਕੇ ਸਨਮਾਨਿਤ ਕੀਤਾ ਗਿਆ।ਇਸ ਸਮੇਂ ਵੱਖ ਵੱਖ ਬੁਲਾਰਿਆਂ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਉਹਨਾਂ ਦੀਆਂ 16 ਡੀ ਏ ਦੀਆਂ ਕਿਸ਼ਤਾਂ ਜਲਦੀ ਜਾਰੀ ਕੀਤੀਆਂ ਜਾਣ ਅਤੇ 11 ਜਨਵਰੀ 2016 ਤੋਂ ਬਾਅਦ ਰਿਟਾਇਰ ਹੋਏ ਕਰਮਚਾਰੀਆਂ ਨੂੰ ਵੀ ਬੀਮਾ ਕਮਿਸ਼ਨ ਦੇ ਬਕਾਏ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ।ਇਸ ਸਮੇਂ ਕਰਮਚਾਰੀਆਂ ਦੇ ਨਵੇਂ ਅਤੇ ਪੁਰਾਣੇ ਮੈਡੀਕਲ ਬਿੱਲਾਂ ਦੇ ਬਕਾਇਆਂ ਦੀ ਅਦਾਇਗੀ ਕੀਤੀ।ਇਸ ਸਮੇਂ ਦਿਲਬਾਗ ਸਿੰਘ ਸ਼ੇਖਚੱਕ,ਸੁਪਰਡੰਟ ਰਤਨ ਸਿੰਘ,ਨਾਜਰ ਸਿੰਘ ਢੋਟੀਆਂ,ਜਗਤਾਰ ਸਿੰਘ,ਡੀ ਐਸ ਪੀ ਅਵਤਾਰ ਸਿੰਘ ਨਾਗੋਕੇ,ਇੰਸਪੈਕਟਰ ਰਣਜੀਤ ਸਿੰਘ,ਇੰਸਪੈਕਟO ਬਲਦੇਵ ਸਿੰਘ,ਇੰਸਪੈਕਟਰ ਸੁਖਦੇਵ ਸਿੰਘ,ਇੰਸਪੈਕਟਰ ਅਜਮੇਰ ਸਿੰਘ ਚੋਹਲਾ ਸਾਹਿਬ ਆਦਿ ਹਾਜਰ ਸਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

## ਸ਼੍ਰੋਮਣੀ ਕਮੇਟੀ ਯੂਪੀਐਸਸੀ ਦੀ ਪ੍ਰੀਖਿਆ ਪਾਸ ਕਰਨ ਵਾਲੇ ਸਿੱਖ ਵਿਦਿਆਰਥੀਆਂ ਦਾ ਇੱਕ-ਇੱਕ ਲੱਖ ਰੁਪਏ ਨਾਲ ਕਰੇਗੀ ਸਨਮਾਨ- ਐਡਵੋਕੇਟ ਧਾਮੀ



ਚੋਹਲਾ ਸਾਹਿਬ 7 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਯੂਪੀਐਸੀ ਦੀ ਪ੍ਰੀਖਿਆ ਪਾਸ ਕਰਕੇ ਉੱਚ ਪ੍ਰਸ਼ਾਸਕੀ ਸੇਵਾਵਾਂ ਲਈ ਚੁਣੇ ਗਏ ਸਿੱਖ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 1 ਲੱਖ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਹੈ।

ਦਫ਼ਤਰ ਤੋਂ ਜਾਰੀ ਪ੍ਰੈੱਸ ਬਿਆਨ ਵਿਚ ਐਡਵੋਕੇਟ ਧਾਮੀ ਨੇ ਕਿਹਾ ਕਿ ਯੂਪੀਐਸਸੀ ਵਰਗੀ ਸਖ਼ਤ ਪ੍ਰੀਖਿਆ ਵਿਚ ਕਾਮਯਾਬੀ ਹਾਸਲ ਕਰਨਾ ਨੌਜੁਆਨਾਂ ਦੀ ਮਿਹਨਤ ਲਗਨ ਅਤੇ ਦ੍ਰਿੜ੍ਹ ਨਿਸ਼ਚੇ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਸਿਮਰਨਦੀਪ ਕੌਰ ਤੇ ਸੁਨਵਰਦੀਪ ਸਿੰਘ ਸਮੇਤ ਹੋਰ ਸਿੱਖ ਵਿਦਿਆਰਥੀਆਂ ਨੇ ਯੂਪੀਐਸਸੀ ਦੀ ਮੁਕਾਬਲਾ ਪ੍ਰੀਖਿਆ ਨੂੰ ਪਾਸ ਕਰਕੇ ਜਿਥੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ, ਉਥੇ ਹੀ ਇਹ ਸਿੱਖ ਕੌਮ ਲਈ ਵੀ ਮਾਣ ਵਾਲੀ ਗੱਲ ਹੈ।

ਉਨ੍ਹਾਂ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਦੇਸ਼ ਭਰ ਵਿੱਚੋਂ 15ਵਾਂ ਸਥਾਨ ਪ੍ਰਾਪਤ ਕਰਨ ਵਾਲੀ ਬੱਚੀ ਸਿਮਰਨਦੀਪ ਕੌਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਖਾਲਸਾ ਕਾਲਜ ਪਟਿਆਲਾ ਦੀ ਵਿਦਿਆਰਥਣ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਲਈ ਉਤਸ਼ਾਹਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਯੂਪੀਐਸਸੀ ਦੀ ਪ੍ਰੀਖਿਆ ਪਾਸ ਕਰਨ ਵਾਲੇ ਸਿੱਖ ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਹੌਸਲਾ ਅਫ਼ਜਾਈ ਦੇ ਤੌਰ ’ਤੇ ਇੱਕ-ਇੱਕ ਲੱਖ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕਰੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਨੌਜੁਆਨਾਂ ਨੂੰ ਸਿੱਖਿਆ ਦੇ ਖੇਤਰ ਵਿਚ ਅੱਗੇ ਵਧਣ ਲਈ ਸ਼੍ਰੋਮਣੀ ਕਮੇਟੀ ਹਮੇਸ਼ਾ ਯਤਨਸ਼ੀਲ ਰਹੀ ਹੈ ਅਤੇ ਅੱਗੇ ਵੀ ਇਸੇ ਤਰ੍ਹਾਂ ਕਾਰਜਸ਼ੀਲ ਰਹੇਗੀ। ਉਨ੍ਹਾਂ ਵਿਸ਼ੇਸ਼ ਤੌਰ ’ਤੇ ਜ਼ਿਕਰ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਆ ਰਹੇ ਬਜਟ ਵਿਚ ਪ੍ਰਸ਼ਾਸਕੀ ਪ੍ਰੀਖਿਆਵਾਂ ਦੀ ਤਿਆਰੀ ਵਾਸਤੇ ਵਿਸ਼ੇਸ਼ ਰਾਸ਼ੀ ਰੱਖੀ ਜਾਵੇਗੀ, ਜਿਸ ਨਾਲ ਲੋੜਵੰਦ ਗੁਰਸਿੱਖ ਬੱਚਿਆਂ ਨੂੰ ਇਸ ਖੇਤਰ ਲਈ ਸਹਿਯੋਗ ਕੀਤਾ ਜਾਵੇਗਾ। ਉਨ੍ਹਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉਚੇਰੇ ਭਵਿੱਖ ਦੀ ਕਾਮਨਾ ਵੀ ਕੀਤੀ।














## ਵਿਆਹ ਦੀਆਂ ਮੁਬਾਰਕਾਂ



ਗੁਰਪ੍ਰੀਤ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਪੰਡੋਰੀ ਰਣ ਸਿੰਘ ਦਾ ਵਿਆਹ ਪ੍ਰਵੀਨ ਕੌਰ ਪੁੱਤਰੀ ਸੁਖਵਿੰਦਰ ਸਿੰਘ ਨਿਵਾਸੀ ਖਾਸਾ ਨਾਲ